# ਨਗਰ ਨਿਗਮ, ਬਠਿੰਡਾ।

## ਕਾਰਵਾਈ ਬਜਟ ਮੀਟਿੰਗ ਮਿਤੀ 27.03.2018 ਨੂੰ ਦੁਪਹਿਰ 2.30 ਵਜੇ

ਅੱਜ ਮਿਤੀ 27.03.2018 ਨੂੰ ਦੁਪਹਿਰ 2.30 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਬਜਟ 2018-2019 ਸਬੰਧੀ ਮੀਟਿੰਗ, ਨਗਰ ਨਿਗਮ ਬਠਿੰਡਾ ਦੇ ਮੀਟਿੰਗ ਹਾਲ ਵਿੱਚ ਹੋਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਮਲਕੀਤ ਸਿੰਘ | 2 | ਕੌਂਸਲਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ ਢਿੱਲੋਂ | 7 | ਕੌਂਸਲਰ |
| 6 | ਪਰਮਿੰਦਰ ਕੋਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 12 | ਰਾਜਪ੍ਰੀਤ ਕੋਰ ਬਰਾੜ | 14 | ਕੌਂਸਲਰ |
| 13 | ਹਰਮਿੰਦਰ ਸਿੰਘ | 17 | ਕੌਂਸਲਰ |
| 14 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 15 | ਦਰਸ਼ਨ ਕੁਮਾਰ | 20 | ਕੌਂਸਲਰ |
| 16 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 17 | ਸੁਖਮਿੰਦਰ ਸਿੰਘ | 22 | ਕੌਂਸਲਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਪ੍ਰੀਤਮ ਕੋਰ | 31 | ਕੌਂਸਲਰ |
| 23 | ਸ਼ਾਮ ਲਾਲ ਜੈਨ | 32 | ਕੌਂਸਲਰ |
| 24 | ਕਰਮਜੀਤ ਕੋਰ | 34 | ਕੌਂਸਲਰ |
| 25 | ਜਗਰਾਜ ਸਿੰਘ | 36 | ਕੌਂਸਲਰ |
| 26 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 27 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 28 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 29 | ਛਿੰਦਰ ਕੋਰ | 40 | ਕੌਂਸਲਰ |
| 30 | ਅੰਜਨਾ ਰਾਣੀ | 41 | ਕੌਂਸਲਰ |
| 31 | ਪ੍ਰਦੀਪ ਗੋਇਲ | 42 | ਕੌਂਸਲਰ |
| 32 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 33 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 34 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 35 | ਨਿਰਮਲ ਕੋਰ | 47 | ਕੌਂਸਲਰ |
| 36 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਮਾਨਯੋਗ ਮੇਅਰ ਸਾਹਿਬ ਨੇ ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ ਦੇ ਪਤੀ ਸ੍ਰ: ਗਗਨਦੀਪ ਸਿੰਘ, ਨਗਰ ਨਿਗਮ ਦੇ ਸਾਬਕਾ ਕੌਂਸਲਰ ਸ੍ਰ: ਦਰਬਾਰਾ ਸਿੰਘ ਅਤੇ ਸਾਬਕਾ ਕੌਂਸਲਰ ਸ਼੍ਰੀਮਤੀ ਸ਼ਕੁੰਤਲਾ ਦੇਵੀ ਦੇ ਅਚਾਨਕ ਸਵਰਗਵਾਸ ਹੋਣ ਕਾਰਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿੰਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

<u>ਮਤਾ ਨੰਬਰ 103:</u> ਹਾਊਸ ਵੱਲੋਂ ਸ਼੍ਰੀਮਤੀ ਗੁਰਮੀਤ ਕੋਰ ਕੋਂਸਲਰ ਦੇ ਪਤੀ ਸ੍ਰ: ਗਗਨਦੀਪ ਸਿੰਘ, ਨਗਰ ਨਿਗਮ ਦੇ ਸਾਬਕਾ ਕੋਂਸਲਰ ਸ੍ਰ: ਦਰਬਾਰਾ ਸਿੰਘ ਅਤੇ ਸਾਬਕਾ ਕੋਂਸਲਰ ਸ੍ਰੀਮਤੀ ਸ਼ਕੂੰਤਲਾ ਦੇਵੀ ਅਤੇ ਦੇ ਅਚਾਨਕ ਸਵਰਗਵਾਸ ਹੋਣ ਕਾਰਨ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿੰਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।

# ਨਗਰ ਨਿਗਮ, ਬਠਿੰਡਾ।

## ਕਾਰਵਾਈ ਬਜਟ ਮੀਟਿੰਗ ਮਿਤੀ 27.03.2018 ਨੂੰ ਦੁਪਹਿਰ 2.45 ਵਜੇ

ਅੱਜ ਮਿਤੀ 27.03.2018 ਨੂੰ ਦੁਪਹਿਰ 2.45 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਬਜਟ 2018-2019 ਸਬੰਧੀ ਮੀਟਿੰਗ, ਨਗਰ ਨਿਗਮ ਬਠਿੰਡਾ ਦੇ ਮੀਟਿੰਗ ਹਾਲ ਵਿੱਚ ਹੋਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਮਲਕੀਤ ਸਿੰਘ | 2 | ਕੌਂਸਲਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ ਢਿੱਲੋਂ | 7 | ਕੌਂਸਲਰ |
| 6 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 12 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 13 | ਹਰਮਿੰਦਰ ਸਿੰਘ | 17 | ਕੌਂਸਲਰ |
| 14 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 15 | ਦਰਸ਼ਨ ਕੁਮਾਰ | 20 | ਕੌਂਸਲਰ |
| 16 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 17 | ਸੁਖਮਿੰਦਰ ਸਿੰਘ | 22 | ਕੌਂਸਲਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਪ੍ਰੀਤਮ ਕੌਰ | 31 | ਕੌਂਸਲਰ |
| 23 | ਸ਼ਾਮ ਲਾਲ ਜੈਨ | 32 | ਕੌਂਸਲਰ |
| 24 | ਕਰਮਜੀਤ ਕੌਰ | 34 | ਕੌਂਸਲਰ |
| 25 | ਜਗਰਾਜ ਸਿੰਘ | 36 | ਕੌਂਸਲਰ |
| 26 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 27 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 28 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 29 | ਛਿੰਦਰ ਕੌਰ | 40 | ਕੌਂਸਲਰ |
| 30 | ਅੰਜਨਾ ਰਾਣੀ | 41 | ਕੌਂਸਲਰ |
| 31 | ਪ੍ਰਦੀਪ ਗੋਇਲ | 42 | ਕੌਂਸਲਰ |
| 32 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 33 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 34 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 35 | ਨਿਰਮਲ ਕੌਰ | 47 | ਕੌਂਸਲਰ |
| 36 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਬਠਿੰਡਾ ਵਿਖੇ ਭਗਵਾਨ ਪਰਸ਼ੂ ਰਾਮ ਜੀ ਦੇ ਨਾਮ ਤੇ ਚੌਂਕ ਬਨਾਉਣ ਅਤੇ ਉਹਨਾਂ ਦੀ ਪ੍ਰਤੀਮਾ ਸਥਾਪਤ ਕਰਨ ਬਾਰੇ ਮੰਗ ਪੱਤਰ ਦਿੱਤਾ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

## ਨਗਰ ਨਿਗਮ ਬਠਿੰਡਾ ਦਾ ਸਾਲ 2018-2019 ਦੇ ਬਜਟ ਅਨੁਮਾਨ ਦਾ ਸਾਰ।

**ਆਮਦਨ :**

ਸਾਲ 2018-2019 ਲਈ ਕੁੱਲ ਆਮਦਨ 13841.03 ਲੱਖ ਰੁਪਏ ਤਜਵੀਜ ਕੀਤੀ ਗਈ ਹੈ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਮਦ ਦਾ ਨਾਮ | ਅਸਲ ਆਮਦਨ 2016-17 | ਬਜਟਡ ਆਮਦਨ 2017-18 | ਅਸਲ ਆਮਦਨ ਅਪਟੂ 31.12.17 | ਸੰਭਾਵਤ ਆਮਦਨ 2017-18 | ਬਜਟ % | ਸਾਲ 2018-19 ਲਈ ਤਜਵੀਜ ਆਮਦਨ |
|---|---|---|---|---|---|---|---|
| 1 | ਪੰਜਾਬ ਮਿਉਂਸਪਲ ਫੰਡ (ਵੈਟ) | 6878.16 | 7683.00 | 5683.68 | 7683.00 | 100.00 | 8450.00 |
| 2 | ਪ੍ਰਾਪਰਟੀ ਟੈਕਸ/ਹਾਊਸ ਟੈਕਸ | 1142.41 | 1150.00 | 863.81 | 1063.81 | 92.00 | 1150.00 |
| 3 | ਫਾਇਰ ਸੈਸ | 34.41 | 35.00 | 33.74 | 36.00 | 103.00 | 55.00 |
| 4 | ਵਿਗਿਆਪਨ ਕਰ | 167.17 | 260.00 | 220.05 | 325.00 | 125.00 | 297.00 |
| 5 | ਰੈਂਟ | 116.10 | 100.00 | 106.95 | 138.38 | 138.00 | 149.00 |
| 6 | ਤਹਿਬਜਾਰੀ/ ਰਾਜੀਨਾਮਾ/ਪਾਰਕਿੰਗ | 10.75 | 15.00 | 17.80 | 20.00 | 133.00 | 20.00 |
| 7 | ਲਾਇਸੰਸ/ਵਹੀਕਲ ਫੀਸ | 9.54 | 10.50 | 15.88 | 20.00 | 190.00 | 31.25 |
| 8 | ਬਿਲਡਿੰਗ ਫੀਸ | 113.50 | 140.00 | 81.52 | 96.52 | 69.00 | 100.00 |
| 9 | ਬਿਲਡਿੰਗ ਰਾਜੀਨਾਮਾ | 39.53 | 60.00 | 28.38 | 36.38 | 61.00 | 50.00 |
| 10 | ਵਿਕਾਸ ਚਾਰਜਜ | 320.49 | 200.00 | 226.55 | 241.55 | 121.00 | 250.00 |
| 11 | ਚੈਂਜ਼ ਆਫ ਲੈਂਡ ਯੂਜ਼ | 182.58 | 180.00 | 233.99 | 253.99 | 141.00 | 200.00 |
| 12 | ਮਲਬਾ ਫੀਸ (ਬਿਲਡਿੰਗ ਸ਼ਾਖਾ) | 25.75 | 28.00 | 21.47 | 26.47 | 95.00 | 29.00 |
| 13 | ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) | 65.63 | 72.00 | 55.40 | 70.40 | 98.00 | 72.00 |
| 14 | ਕਾਓ ਸੈਸ | 296.52 | 325.00 | 214.82 | 300.00 | 92.00 | 325.00 |
| 15 | ਬਿਲਡਿੰਗ ਰੈਗੂਲਰਾਈਜ਼ੇਸ਼ਨ | 114.29 | 70.00 | 97.07 | 100.07 | 143.00 | 70.00 |
| 16 | ਐਕਸਾਈਜ ਡਿਊਟੀ | 658.07 | 700.00 | 197.73 | 200.00 | 29.00 | 200.00 |
| 17 | ਹੋਰ ਸਾਧਨ | 172.26 | 350.00 | 72.80 | 150.00 | 43.00 | 150.00 |
| | **ਜੋੜ (ੳ)** | **10347.16** | **10842.00** | **8171.64** | **10761.57** | **99.00** | **11598.25** |
| | **ਵਾਟਰ ਸਪਲਾਈ ਅਤੇ ਸੀਵਰੇਜ਼ ਤੋਂ ਆਮਦਨ** | | | | | | |
| 18 | ਵ/ਸ ਅਤੇ ਸੀਵਰੇਜ਼ (ਡਿਮਾਂਡ ਅਤੇ ਬਕਾਇਆਜਾਤ) | 466.54 | 936.00 | 432.54 | 532.54 | 56.90 | 1092.78 |
| 19 | ਵ/ਸ ਅਤੇ ਸੀਵਰੇਜ਼ (ਹੋਰ ਵਸੀਲਿਆਂ ਤੋਂ ਆਮਦਨ) | 295.14 | 151.50 | 186.05 | 225.00 | 149.00 | 150.00 |
| | **ਜੋੜ (ਅ)** | **761.68** | **1087.50** | **618.59** | **757.54** | **70.00** | **1242.78** |
| | **ਜੋੜ (ੳ+ਅ)** | **11108.84** | **11929.50** | **8790.23** | **11519.11** | **97.00** | **12841.03** |
| 20 | ਸੇਲ ਆਫ ਲੈਂਡ | 9.35 | 1500.00 | -- | -- | -- | 1000.00 |
| | **ਕੁੱਲ ਜੋੜ :** | **11118.19** | **13429.50** | **8790.23** | **11519.11** | **86.00** | **13841.03** |

ਸਾਲ 2018-2019 ਦੇ ਬਜਟ ਵਿੱਚ ਮੱਦਵਾਰ ਵਾਧੇ/ਘਾਟੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਪੰਜਾਬ ਮਿਉਂਸਪਲ ਫੰਡ (ਵੈਟ ਦਾ 11%):

ਇਸ ਮਦ ਅਧੀਨ ਸਾਲ 2017-2018 ਲਈ 7683.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2017 ਤੱਕ ਇਸ ਮੱਦ ਅਧੀਨ ਸਰਕਾਰ ਤੋਂ ਪ੍ਰਾਪਤ ਵੈਟ ਦੀ ਆਮਦਨ 5683.68 ਲੱਖ ਰੁਪਏ ਹੋਈ ਹੈ। ਸਾਲ 2017-2018 ਵਿੱਚ ਇਸ ਮੱਦ ਅਧੀਨ 7683.00 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ, ਜੋ ਬਜਟ ਦਾ 100% ਹੋਵੇਗੀ। ਸਾਲ 2018-2019 ਵਾਸਤੇ ਸੰਭਾਵਤ ਕੁੱਲ ਆਮਦਨ ਵਿੱਚ 10% ਦਾ ਵਾਧਾ ਕਰਕੇ 8450.00 ਲੱਖ ਰੁਪਏ ਤਜਵੀਜ ਕੀਤੀ ਗਈ ਹੈ।

2. ਪ੍ਰਾਪਰਟੀ ਟੈਕਸ/ਹਾਊਸ ਟੈਕਸ :

ਮਿਤੀ 01.04.2017 ਨੂੰ ਹਾਊਸ ਟੈਕਸ ਦਾ ਬਕਾਇਆਜਾਤ 261.33 ਲੱਖ ਰੁਪਏ ਸੀ। ਇਸ ਵਿੱਚੋਂ 49.31 ਲੱਖ ਰੁਪਏ ਦੇ ਕੋਰਟ ਕੇਸ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਇਸ ਤਰ੍ਹਾਂ ਮਿਤੀ 01.04.2017 ਨੂੰ ਵਸੂਲਣਯੋਗ 212.02 ਲੱਖ ਰੁਪਏ ਰਹਿ ਜਾਂਦੇ ਹਨ। ਇਸ ਬਕਾਇਆਜਾਤ ਵਿੱਚੋਂ ਮਿਤੀ 31.12.2017 ਤੱਕ 25.98 ਲੱਖ ਰੁਪਏ ਵਸੂਲ ਹੋ ਚੁੱਕੇ ਹਨ ਅਤੇ ਸਾਲ 2017-18 ਦੇ ਬਾਕੀ ਰਹਿੰਦੇ ਸਮੇਂਤ ਵਿੱਚ 20.00 ਲੱਖ ਰੁਪਏ ਹੋਰ ਵਸੂਲ ਹੋਣ ਦੀ ਸੰਭਾਵਨਾਂ ਹੈ ਅਤੇ ਹਾਊਸ ਟੈਕਸ/ ਸਰਵਿਸ ਚਾਰਜ਼ ਦੀ ਚਾਲੂ ਸਾਲ ਦੀ ਡਿਮਾਂਡ 53.68 ਲੱਖ ਰੁਪਏ ਹੈ। ਇਸ ਤਰ੍ਹਾਂ ਕੁੱਲ ਬਕਾਇਆਜਾਤ ਵਿੱਚੋਂ 49.31 ਲੱਖ ਰੁਪਏ ਦੇ ਕੋਰਟ ਕੇਸਾਂ ਸਮੇਤ 269.03 ਲੱਖ ਰੁਪਏ ਬਾਕੀ ਰਹਿਣ ਦੀ ਸੰਭਾਵਨਾ ਹੈ।

ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਵਿੱਚ ਹਾਊਸ ਟੈਕਸ ਦੀ ਥਾਂ ਤੇ ਮਿਤੀ 01.04.2013 ਤੋਂ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਹੈ। ਨਗਰ ਨਿਗਮ ਬਠਿੰਡਾ ਵਿਖੇ ਜੀ.ਆਈ.ਐਸ. ਸਰਵੇ ਅਨੁਸਾਰ ਲਗਭਗ 53871 ਰਿਹਾਇਸ਼ੀ ਮਕਾਨ, 15818 ਵਪਾਰਕ ਯੂਨਿਟ ਅਤੇ 24067 ਖਾਲੀ ਪਲਾਟਾਂ ਤੋਂ ਇਲਾਵਾ 1673 ਧਾਰਮਿਕ ਅਸਥਾਨ/ ਗਰੀਨ ਬੈਲਟਾਂ ਸਮੇਤ ਕੁੱਲ 95429 ਯੂਨਿਟ ਹਨ। ਇਹਨਾਂ ਯੂਨਿਟਾਂ ਵਿੱਚੋਂ 31636 ਰਿਹਾਇਸ਼ੀ ਮਕਾਨ ਅਤੇ 15818 ਵਪਾਰਕ ਯੂਨਿਟ, ਕੁੱਲ ਲਗਭਗ 47454 ਯੂਨਿਟਾਂ ਪਾਸੋਂ ਪ੍ਰਾਪਰਟੀ ਟੈਕਸ ਵਸੂਲਣਯੋਗ ਹਨ। ਬਾਕੀ 22235 ਰਿਹਾਇਸ਼ੀ ਮਕਾਨ ਜੋ 50 ਵ:ਗਜ਼ ਅਤੇ 125 ਵ:ਗਜ਼ ਸਿੰਗਲ ਸਟੋਰੀ ਮਕਾਨ ਤੋਂ ਇਲਾਵਾ 24067 ਖਾਲੀ ਪਲਾਟਾਂ ਸਮੇਤ 1673 ਧਾਰਮਿਕ ਅਸਥਾਨ/ ਗਰੀਨ ਬੈਲਟਾਂ ਆਦਿ ਕੁੱਲ ਲਗਭਗ 47975 ਯੂਨਿਟ ਮੁਆਫੀ ਅਧੀਨ ਆਉਂਦੇ ਹਨ।

ਸਰਕਾਰ ਵੱਲੋਂ ਸਾਲ 2017-18 ਵਿੱਚ ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਦਾ 1150.00 ਲੱਖ ਰੁਪਏ ਦਾ ਬਜਟ ਟੀਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚੋਂ ਮਿਤੀ 31.12.2017 ਤੱਕ ਸਾਲ 2013-14 ਦਾ 50.10 ਲੱਖ ਰੁਪਏ, 2014-15 ਦਾ 34.22 ਲੱਖ ਰੁਪਏ, ਸਾਲ 2015-16 ਦਾ 42.22 ਲੱਖ ਰੁਪਏ ਅਤੇ ਸਾਲ 2016-17 ਦਾ 74.47 ਲੱਖ ਰੁਪਏ ਤੋਂ ਇਲਾਵਾ ਸਾਲ 2017-18 ਵਿੱਚੋਂ ਵਿਆਜ ਅਤੇ ਜੁਰਮਾਨੇ ਸਮੇਤ ਕੁੱਲ ਪ੍ਰਾਪਰਟੀ ਟੈਕਸ 837.83 ਲੱਖ ਰੁਪਏ ਅਤੇ ਹਾਊਸ ਟੈਕਸ 25.98 ਲੱਖ ਰੁਪਏ, ਕੁੱਲ 863.81 ਲੱਖ ਰੁਪਏ ਵਸੂਲ ਹੋ ਚੁੱਕੇ ਹਨ। ਮਿਤੀ 31.03.2018 ਤੱਕ ਹਾਊਸ ਟੈਕਸ/ ਸਰਵਿਸ ਚਾਰਜ਼ਜ਼ ਦੇ ਬਕਾਇਆਜਾਤ ਵਿੱਚੋਂ 20.00 ਲੱਖ ਰੁਪਏ ਅਤੇ ਪ੍ਰਾਪਰਟੀ ਟੈਕਸ ਵਿੱਚੋਂ 280.00 ਲੱਖ ਰੁਪਏ, ਕੁੱਲ 300.00 ਲੱਖ ਰੁਪਏ ਹੋਰ ਆਮਦਨ ਪ੍ਰਾਪਤ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2017-18 ਦੀ ਹਾਊਸ ਟੈਕਸ/ ਸਰਵਿਸ ਚਾਰਜ਼ਜ਼ ਅਤੇ ਪ੍ਰਾਪਰਟੀ ਟੈਕਸ ਤੋਂ ਕੁੱਲ 1063.81 (1017.83+45.98) ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾ ਹੈ।

ਸਾਲ 2018-19 ਵਿੱਚ ਹਾਊਸ ਟੈਕਸ/ ਸਰਵਿਸ ਚਾਰਜ਼ਜ਼ ਦੇ ਬਕਾਇਆਜਾਤ ਵਿੱਚੋਂ 80.00 ਲੱਖ ਰੁਪਏ ਅਤੇ ਪ੍ਰਾਪਰਟੀ ਟੈਕਸ ਤੋਂ ਸਾਲ 2013-14 ਦਾ 40.00 ਲੱਖ ਰੁਪਏ, ਸਾਲ 2014-15 ਦਾ 30.00 ਲੱਖ ਰੁਪਏ, ਸਾਲ 2015-16 ਦਾ 40.00 ਲੱਖ ਰੁਪਏ, 2016-17 ਦਾ 55.00 ਲੱਖ ਰੁਪਏ, ਸਾਲ 2017-18 ਦਾ 100.00 ਲੱਖ ਰੁਪਏ ਅਤੇ ਸਾਲ 2018-19 ਵਿੱਚ ਕੁੱਲ ਸੰਭਾਵਿਤ ਪ੍ਰਾਪਰਟੀ ਟੈਕਸ 1150.00 ਲੱਖ ਰੁਪਏ ਵਿੱਚੋਂ 70% ਦੇ ਹਿਸਾਬ ਨਾਲ ਕੁੱਲ 805.00 ਲੱਖ ਰੁਪਏ ਵਸੂਲ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਕੁੱਲ 1150.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

3. ਫਾਇਰ ਸੈਸ:

ਫਾਇਰ ਸੈਸ ਸਾਲ 2017-18 ਵਿੱਚ ਮਿਤੀ 31.12.2017 ਤੱਕ ਕੁੱਲ 33.74 ਲੱਖ ਰੁਪਏ ਵਸੂਲ ਹੋ ਚੁੱਕੇ ਹਨ। ਮਿਤੀ 31.03.2018 ਤੱਕ 2.26 ਲੱਖ ਰੁਪਏ ਹੋਰ ਵਸੂਲ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਸਾਲ 2017-18 ਵਿੱਚ ਕੁੱਲ ਵਸੂਲੀ 36.00 ਲੱਖ ਰੁਪਏ ਹੋ ਸਕਦੀ ਹੈ। ਸਾਲ 2018-19 ਦਾ ਬਜਟ ਟੀਚਾ ਵਧਾਉਂਦੇ ਹੋਏ 55.00 ਲੱਖ ਰੁਪਏ ਤਜਵੀਜ ਕੀਤਾ ਜਾਂਦਾ ਹੈ।

4. ਵਿਗਿਆਪਨ ਕਰ

ਮੌਜੂਦਾ ਸਮੇਂ ਨਿਗਮ ਦੀਆਂ ਜੋ ਮਸ਼ਹੂਰੀ ਸਾਈਟਸ ਠੇਕੇ ਤੇ ਦਿੱਤੀਆਂ ਹੋਈਆਂ ਹਨ, ਉਹਨਾਂ ਦੀ ਠੇਕੇ ਅਨੁਸਾਰ ਨਿਸ਼ਚਿਤ ਰਕਮ ਪ੍ਰਤੀ ਮਹੀਨਾ ਨਿਗਮ ਵਿਖੇ ਜਮਾਂ ਹੋ ਰਹੀ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ 2018-19 ਦੌਰਾਨ ਵੀ ਇਹ ਠੇਕੇ ਚਾਲੂ ਰਹਿਣਗੇ। ਇਹਨਾਂ ਚਾਲੂ ਸਾਈਟਸ ਤੋਂ ਇਲਾਵਾ ਨਿਗਮ ਪਾਸ ਮਸ਼ਹੂਰੀ ਲਈ ਹੋਰ ਸਾਈਟਸ ਠੇਕੇ ਤੇ ਦੇਣ ਲਈ ਨਹੀਂ ਹਨ, ਜਿਸ ਤੋਂ ਆਮਦਨ ਵਿੱਚ ਹੋਰ ਵਾਧਾ ਹੋ ਸਕੇ। ਮੌਜੂਦਾ ਸਮੇਂ ਚੱਲ ਰਹੇ ਐਡਵਰਟਾਇਜ਼ਮੈਂਟ ਠੇਕਿਆਂ ਤੋਂ ਨਿਗਮ ਨੂੰ ਸਲਾਨਾ 2,96,85,444/- ਰੁਪਏ ਦੀ ਆਮਦਨ ਹੋ ਰਹੀ ਹੈ। ਸਾਲ 2018-19

ਦੌਰਾਨ ਵੀ ਉਕਤ ਆਮਦਨ ਹੋਵੇਗੀ। ਉਕਤ ਦੇ ਮੱਦੇ ਨਜ਼ਰ ਸਾਲ 2018-2019 ਲਈ ਇਸ ਮੱਦ ਅਧੀਨ 297.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

5. ਰੈਂਟ :

ਸਾਲ 2017-2018 ਵਿਚ ਨਗਰ ਨਿਗਮ ਦੀਆਂ 392 ਦੁਕਾਨਾਂ ਹਨ। ਇਸ ਮੱਦ ਅਧੀਨ ਸਾਲ 2017-18 ਦਾ 100.00 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਸੀ। ਮਿਤੀ 31.01.2018 ਤੱਕ ਇਸ ਮੱਦ ਅਧੀਨ 118.38 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ ਅਤੇ ਮਿਤੀ 31.03.2018 ਤੱਕ 20.00 ਲੱਖ ਰੁਪਏ ਹੋਰ ਪ੍ਰਾਪਤ ਹੋਣ ਦੀ ਸੰਭਾਵਨਾ ਹੈ। ਸਾਲ 2017-18 ਵਿੱਚ ਕੋਰਟ ਕੇਸਾਂ ਵਿੱਚ ਲੰਬਿਤ ਰਕਮ 28.94 ਲੱਖ ਰੁਪਏ ਵਿੱਚੋਂ 9.68 ਲੱਖ ਰੁਪਏ ਦੀ ਰਿਕਵਰੀ ਹੋ ਚੁੱਕੀ ਹੈ। ਇਸ ਤਰ੍ਹਾਂ ਸਾਲ 2017-18 ਵਿੱਚ ਕੁੱਲ 138.38 ਲੱਖ ਰੁਪਏ ਹੋਣ ਦੀ ਸੰਭਾਵਨਾਂ ਹੈ। ਸਾਲ 2018-19 ਵਿੱਚ 19.68 ਲੱਖ ਰੁਪਏ ਦੇ ਬਕਾਇਆਜਾਤ ਵਿੱਚੋਂ 10.00 ਲੱਖ ਰੁਪਏ ਦੀ ਰਿਕਵਰੀ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਨਗਰ ਨਿਗਮ ਦੀਆਂ ਕਿਰਾਏ ਤੇ ਦਿੱਤੀਆਂ 392 ਦੁਕਾਨਾਂ, ਬੈਂਕ ਬਿਲਡਿੰਗ, ਚਿਲਡਰਨ ਪਾਰਕ, ਅੱਪੂ ਘਰ, ਰੋਜ਼ ਗਾਰਡਨ ਕੰਨਟੀਨ, ਜ਼ੋਗਰ ਪਾਰਕ ਅਤੇ ਬਕਾਇਆਜਾਤ ਵਿੱਚੋਂ ਸਾਲ 2018-19 ਵਿੱਚ 148.38 ਲੱਖ ਰੁਪਏ ਦੀ ਸਲਾਨਾ ਆਮਦਨ ਹੋਣ ਦਾ ਅਨੁਮਾਨ ਹੈ।ਸਰਕਾਰ ਦੀ ਪਾਲਿਸੀ ਅਨੁਸਾਰ ਦੁਕਾਨਾਂ ਨੂੰ ਸੇਲ ਕਰਨ ਦੀ ਪਾਲਿਸੀ ਚੱਲ ਰਹੀ ਹੈ। ਸੋ, ਸਾਲ 2018-19 ਵਿੱਚ ਰੈਂਟ ਸ਼ਾਖਾ ਦਾ ਸਲਾਨਾ ਅਨੁਮਾਨਤ ਬਜਟ 149.00 ਲੱਖ ਰੁਪਏ ਤਜਵੀਜ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

6. ਤਹਿਬਜਾਰੀ (ਰਾਜੀਨਾਮਾ ਫੀਸ)/ਪਾਰਕਿੰਗ ਫੀਸ :

ਇਸ ਮਦ ਅਧੀਨ ਸਾਲ 2017-2018 ਲਈ 15.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2017 ਤੱਕ ਇਸ ਮਦ ਅਧੀਨ 17.80 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-2018 ਵਿਚ ਇਸ ਮਦ ਅਧੀਨ 20.00 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2017-2018 ਦੀ ਹੋਣ ਵਾਲੀ ਅਸਲ ਆਮਦਨ ਅਨੁਸਾਰ ਸਾਲ 2018-2019 ਲਈ ਇਸ ਮਦ ਅਧੀਨ 20.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

7. ਲਾਇਸੰਸ/ਵਹੀਕਲ ਫੀਸ :

ਇਸ ਮਦ ਅਧੀਨ ਸਾਲ 2017-2018 ਲਈ 10.50 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2017 ਤੱਕ ਇਸ ਮੱਦ ਅਧੀਨ ਕੁੱਲ 15.88 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-2018 ਦੌਰਾਨ ਇਸ ਮਦ ਅਧੀਨ 20.00 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮਦ ਅਧੀਨ 31.25 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

8. ਬਿਲਡਿੰਗ ਫੀਸ :

ਇਸ ਮਦ ਅਧੀਨ ਸਾਲ 2017-2018 ਦੌਰਾਨ ਮਿਤੀ 31.12.2017 ਤੱਕ ਰੱਖੇ ਗਏ ਬਜਟ 140.00 ਲੱਖ ਰੁਪਏ ਦੇ ਵਿਰੁੱਧ 81.52 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਮਿਤੀ 31.03.2018 ਤੱਕ ਇਸ ਮੱਦ ਅਧੀਨ 96.52 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-19 ਲਈ ਇਸ ਮੱਦ ਅਧੀਨ 100.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

9. ਬਿਲਡਿੰਗ ਰਾਜੀਨਾਮਾ ਫੀਸ :

ਸਾਲ 2017-2018 ਲਈ 60.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2017 ਤੱਕ 28.38 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-2018 ਦੌਰਾਨ 36.38 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਵਿੱਚ ਇਸ ਮਦ ਅਧੀਨ ਸੰਭਾਵਤ ਆਮਦਨ ਵਿੱਚ 37% ਦਾ ਵਾਧਾ ਕਰਦੇ ਹੋਏ 50.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਗਈ ਹੈ।

10. ਵਿਕਾਸ ਚਾਰਜਜ :

ਇਸ ਮਦ ਅਧੀਨ ਸਾਲ 2017-2018 ਲਈ 200.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2017 ਤੱਕ ਇਸ ਮੱਦ ਅਧੀਨ 226.55 ਲਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-2018 ਦੌਰਾਨ ਇਸ ਮਦ ਅਧੀਨ 241.55 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਇਸ ਮੱਦ ਅਧੀਨ ਸਾਲ 2017-18 ਲਈ 250.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਗਈ ਹੈ।

11. ਚੈਂਜ਼ ਆਫ ਲੈਂਡ ਯੂਜ਼ :

ਇਸ ਮਦ ਅਧੀਨ ਸਾਲ 2017-2018 ਲਈ 180.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2017 ਤੱਕ 233.99 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-2018 ਦੌਰਾਨ ਇਸ ਮਦ ਅਧੀਨ 253.99 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ।

ਇਸ ਲਈ ਸਾਲ 2017-2018 ਲਈ ਇਸ ਮੱਦ ਅਧੀਨ ਬਜਟ ਆਮਦਨ ਵਿੱਚ 11% ਦਾ ਵਾਧਾ ਕਰਦੇ ਹੋਏ 200.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

12. ਮਲਬਾ ਫੀਸ (ਬਿਲਡਿੰਗ ਸ਼ਾਖਾ) :

ਸਾਲ 2017-2018 ਦੋਰਾਨ ਇਸ ਮਦ ਅਧੀਨ 28.00 ਲੱਖ ਰੁਪਏ ਦਾ ਨਿਗਮ ਵੱਲੋਂ ਬਜਟ ਟੀਚਾ ਰੱਖਿਆ ਗਿਆ ਸੀ। ਮਿਤੀ 31.12.2017 ਤੱਕ ਇਸ ਮੱਦ ਅਧੀਨ 21.47 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ 2017-2018 ਦੋਰਾਨ 26.47 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮਦ ਅਧੀਨ 29.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

13. ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) :

ਇਸ ਮਦ ਅਧੀਨ ਸਾਲ 2016-2017 ਦੋਰਾਨ 65.63 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-2018 ਦੋਰਾਨ ਇਸ ਮਦ ਅਧੀਨ 72.00 ਲੱਖ ਰੁਪਏ ਦੀ ਬਜਟ ਆਮਦਨ ਪ੍ਰਵਾਨ ਹੈ। ਮਿਤੀ 31.12.2017 ਤੱਕ ਇਸ ਮੱਦ ਅਧੀਨ 55.40 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ 2017-2018 ਦੋਰਾਨ 70.40 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮਦ ਅਧੀਨ 72.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

14. ਕਾਊ ਸੈਸ:

ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 6/80/2013-5ਸਸ1/225136/3-11 ਮਿਤੀ 22.05.2014 ਅਨੁਸਾਰ ਨਗਰ ਨਿਗਮ ਬਠਿੰਡਾ ਵੱਲੋਂ ਦੀ ਪੰਜਾਬ ਰਪੋਹਿਬਸ਼ੇਨ ਆਫ ਕਾਓਜ਼ ਸਲਾਟਰ ਐਕਟ 1955 (15 ਤੋਂ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰਬਰ 5 ਮਿਤੀ 05.08.2013 ਰਾਹੀ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਸਬੰਧੀ ਤੇਲ ਟੈਂਕਰ, ਸ਼ਰਾਬ ਅੰਗਰੇਜੀ, ਸ਼ਰਾਬ ਦੇਸੀ, ਸੀਮਿੰਟ ਪ੍ਰਤੀ ਬੈਗ, ਬਿਜਲੀ ਪ੍ਰਤੀ ਯੂਨਿਟ, ਮੈਰਿਜ ਪੈਲੇਸ, ਫੋਰ ਵੀਲਰ ਅਤੇ ਟੂ ਵੀਲਰ ਦੀ ਹੋਣ ਵਾਲੀ ਵਿਕਰੀ ਤੇ ਕਾਊ ਸੈਸ ਚਾਰਜ਼ ਕੀਤਾ ਜਾਣਾ ਹੈ। ਸਾਲ 2017-2018 ਲਈ 325.00 ਲੱਖ ਰੁਪਏ ਦੇ ਮਿੱਥੇ ਟੀਚੇ ਵਿਰੁੱਧ ਮਿਤੀ 31.12.2017 ਤੱਕ 214.82 ਲੱਖ ਰੁਪਏ ਦੀ ਆਮਦਨ ਹੋਈ ਹੈ। ਸਾਲ 2017-2018 ਦੋਰਾਨ ਇਸ ਮੱਦ ਅਧੀਨ 300.00 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ 325.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

15. ਬਿਲਡਿੰਗ ਰੈਗੂਲਰਾਈਜ਼ੇਸ਼ਨ

ਸਾਲ 2016-2017 ਦੋਰਾਨ ਇਸ ਮੱਦ ਅਧੀਨ 114.29 ਲੱਖ ਰੁਪਏ ਅਤੇ ਸਾਲ 2017-2018 ਦੋਰਾਨ ਮਿਤੀ 31.12.2017 ਤੱਕ 97.07 ਲੱਖ ਰੁਪਏ ਪ੍ਰਾਪਤ ਹੋਏ ਹਨ। ਸਾਲ 2017-2018 ਦੋਰਾਨ ਇਸ ਮੱਦ ਅਧੀਨ 100.07 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮੱਦ ਅਧੀਨ 70.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

16. ਐਕਸਾਇਜ ਡਿਊਟੀ :

ਸਾਲ 2017-2018 ਲਈ ਇਸ ਮਦ ਅਧੀਨ 700.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਸੀ, ਜਿਸ ਵਿੱਚੋਂ ਸਾਲ 2017-2018 ਦੋਰਾਨ ਮਿਤੀ 31.12.2017 ਤੱਕ 197.73 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ। ਇਸ ਮੱਦ ਅਧੀਨ 200.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

17. ਹੋਰ ਸਾਧਨ :

ਇਸ ਮਦ ਅਧੀਨ ਸਾਲ 2016-2017 ਵਿਚ 172.26 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-2018 ਲਈ 350.00 ਲੱਖ ਰੁਪਏ ਦੀ ਆਮਦਨ ਬਜਟ ਵਿਚ ਰਖੀ ਸੀ, ਜਿਸ ਵਿਚ ਸ਼ੋਅ ਟੈਕਸ, ਮੰਨੋਰੰਜਨ ਕਰ, ਸਲਾਟਰ, ਮੁਰਦਾ ਪਸ਼ੂ, ਪਿਓਰ ਫੂਡ, ਫਾਇਰ ਕਾਲ ਚਾਰਜਜ, ਬੈਂਕਾ ਤੋਂ ਪ੍ਰਾਪਤ ਸੇਵਿੰਗ ਖਾਤਿਆਂ ਤੇ ਵਿਆਜ਼, ਵ/ਸ ਫੁਟਕਲ ਅਤੇ ਅਨਕਲਾਸੀਫਾਇਡ ਚਾਰਜਜ ਆਦਿ ਵੀ ਸ਼ਾਮਲ ਹਨ। ਸਾਲ 2017-2018 ਵਿਚ ਇਸ ਮੱਦ ਅਧੀਨ 150.00 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮੱਦ ਅਧੀਨ 150.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

18 ਅਤੇ 19 ਵਾਟਰ ਸਪਲਾਈ ਅਤੇ ਸੀਵਰੇਜ :

ਬਠਿੰਡਾ ਸ਼ਹਿਰ ਵਿਖੇ ਹਾਲ ਦੀ ਘੜੀ ਪਾਣੀ ਦੇ 35582 ਕੂਨੈਕਸ਼ਨ ਅਤੇ ਸੀਵਰ ਦੇ 34666 ਕੂਨੈਕਸ਼ਨ ਕੁੱਲ 70248 ਕੂਨੈਕਸ਼ਨ ਹਨ। ਸਰਕਾਰ ਦੀ ਪਾਲਿਸੀ ਅਨੁਸਾਰ 125 ਵ: ਗੱਜ਼ ਤੱਕ ਦੇ ਤਕਰੀਬਨ 25076 ਮਕਾਨਾਂ ਨੂੰ ਪਾਣੀ ਅਤੇ ਸੀਵਰ ਦੇ ਬਿਲਾਂ ਤੋਂ ਛੋਟ ਦਿੱਤੀ ਹੋਈ ਹੈ। ਹਾਲ ਦੀ ਘੜੀ 8845 ਕੂਨੈਕਸ਼ਨ ਬੰਦ ਹਨ। ਇਸ ਤਰ੍ਹਾਂ ਨਾਲ ਕੁੱਲ 36327 ਕੂਨੈਕਸ਼ਨਾਂ ਤੋਂ ਵਾਟਰ

ਸਪਲਾਈ ਅਤੇ ਸੀਵਰੇਜ਼ ਦੇ ਬਿਲਾਂ ਤੋਂ ਆਮਦਨ ਪ੍ਰਾਪਤ ਹੋ ਰਹੀ ਹੈ। ਮਿਤੀ 01.04.2017 ਨੂੰ ਕੁੱਲ ਬਕਾਇਆ ਜਾਤ 1300.78 ਲੱਖ ਰੁਪਏ ਸਨ ਅਤੇ ਸਾਲ 2017-18 ਲਈ ਕੁੱਲ ਡਿਮਾਂਡ 548.85 ਲੱਖ ਰੁਪਏ ਕੁੱਲ 1849.63 ਲੱਖ ਰੁਪਏ ਵਸੂਲਣਯੋਗ ਰਕਮ ਸੀ। ਮਿਤੀ 31.12.2017 ਤੱਕ ਇਸ ਮੱਦ ਅਧੀਨ 618.49 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2017-18 ਦੋਰਾਨ 757.54 ਲੱਖ ਰੁਪਏ ਦੀ ਵਸੂਲੀ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਨਾਲ ਸਿੱਧੇ ਤੋਰ ਤੇ ਵਸੂਲਣਯੋਗ ਬਕਾਇਆਜਾਤ 1409.59 ਲੱਖ ਰੁਪਏ ਰਹਿ ਜਾਂਦੇ ਹਨ। ਪਿਛਲੇ ਬਕਾਇਆਜਾਤ ਵਿੱਚੋਂ 40% ਯਾਨਿ ਕਿ ਤਕਰੀਬਨ 543.93 ਲੱਖ ਰੁਪਏ ਅਤੇ ਸਾਲ 2018-2019 ਲਈ ਡਿਮਾਂਡ 548.85 ਲੱਖ ਰੁਪਏ ਤਜਵੀਜ ਕੀਤੇ ਜਾਂਦੇ ਹਨ। ਇਸ ਤਰ੍ਹਾਂ ਡਿਮਾਂਡ ਅਤੇ ਬਕਾਇਆਜਾਤ ਲਈ 1092.78 ਲੱਖ ਰੁਪਏ ਦੀ ਸੰਭਾਵਨਾ ਹੈ। ਹੋਰ ਮੱਦਾਂ ਜਿਵੇਂ ਕਿ ਸ਼ੇਅਰ ਕਾਸਟ, ਰੋਡ ਕਟਿੰਗ ਚਾਰਜ਼ਜ਼ ਅਤੇ ਕੁਨੈਕਸ਼ਨ ਫੀਸ ਤੋਂ 290.00 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-19 ਵਿਚ ਕੋਈ ਸ਼ੇਅਰ ਕਾਸਟ ਪ੍ਰਾਪਤ ਹੋਣ ਦੀ ਸੰਭਾਵਨਾਂ ਨਹੀਂ ਹੈ। ਇਸ ਲਈ ਇਸ ਮੱਦ ਤੋਂ ਸਾਲ 2018-2019 ਲਈ 150.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ। ਸਾਲ 2018-2019 ਲਈ ਤਜਵੀਜ ਵਾਟਰ ਸਪਲਾਈ ਅਤੇ ਸੀਵਰੇਜ਼ ਅਤੇ ਹੋਰ ਮੱਦਾਂ ਅਧੀਨ 1242.78 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

20. ਸੇਲ ਆਫ ਲੈਂਡ

ਨਗਰ ਸੁਧਾਰ ਟਰੱਸਟ ਨੂੰ ਵੇਚੀ ਗਈ ਪ੍ਰਾਪਰਟੀ ਤੋਂ ਪ੍ਰਾਪਤ ਹੋਣ ਵਾਲੇ 82.47 ਕਰੋੜ ਰੁਪਏ ਵਿੱਚੋਂ ਸਾਲ 2011-12 ਵਿੱਚ 21.25 ਕਰੋੜ ਰੁਪਏ ਅਤੇ ਸਾਲ 2012-13 ਵਿੱਚ 2.00 ਕਰੋੜ ਰੁਪਏ ਕੁੱਲ 23.25 ਕਰੋੜ ਰੁਪਏ ਹੀ ਪ੍ਰਾਪਤ ਹੋਏ ਹਨ। ਬਾਕੀ ਰਕਮ ਦੀ ਪ੍ਰਾਪਤੀ ਲਈ ਨਗਰ ਸੁਧਾਰ ਟਰੱਸਟ ਨੂੰ ਵਾਰ-ਵਾਰ ਲਿਖਿਆ ਜਾ ਰਿਹਾ ਹੈ। ਸਾਲ 2018-2019 ਲਈ ਨਗਰ ਸੁਧਾਰ ਟਰੱਸਟ ਤੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਦੇ ਵਿਰੁੱਧ ਇਸ ਮੱਦ ਅਧੀਨ 1000.00 ਲੱਖ ਰੁਪਏ ਤਜਵੀਜ ਕੀਤੇ ਜਾਂਦੇ ਹਨ।

ਕਮਿਟਡ ਖਰਚਾ (ਵਚਨਬੱਧ ਖਰਚੇ):

1. ਅਮਲਾ (ਸਟਾਫ ਦੀਆਂ ਤਨਖਾਹਾਂ):

ਇਸ ਮਦ ਅਧੀਨ ਸਾਲ 2017-2018 ਦੇ ਬਜਟ ਵਿੱਚ 7000.00 ਲੱਖ ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚੋਂ ਮਿਤੀ 31.12.2017 ਤੱਕ 4679.17 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2017-2018 ਦੋਰਾਨ 6238.90 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮਦ ਅਧੀਨ ਮੰਜੂਰਸ਼ੁਦਾ ਆਸਾਮੀਆਂ ਤੇ 6447.01 ਲੱਖ ਰੁਪਏ, ਸਰਕਾਰ ਵੱਲੋਂ ਪੈਨਸ਼ਨ ਕੰਟਰੀਬਿਊਸ਼ਨ ਦੀ ਕਟੋਤੀ ਵੈਟ ਵਿੱਚੋਂ ਕਰਨ ਤੇ ਆਉਣ ਵਾਲੇ ਖਰਚੇ 1350.00 ਲੱਖ ਰੁਪਏ ਨੂੰ ਜੋੜਦੇ ਹੋਏ ਕੁੱਲ 7797.01 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸ ਖਰਚੇ ਵਿਚ ਕਰਮਚਾਰੀ ਦੀਆਂ ਤਨਖਾਹਾਂ, ਸਲਾਨਾ ਤਰੱਕੀ, ਮਹਿੰਗਾਈ ਭੱਤੇ ਦੀ ਕਿਸ਼ਤ, ਗਰੈਚੂਟੀ, ਲੀਵ ਇਨਕੈਸ਼ਮੈਂਟ, ਮੈਡੀਕਲ ਭੱਤਾ, ਐਲ.ਟੀ.ਸੀ ਅਤੇ ਏਰੀਅਰ ਸ਼ਾਮਲ ਹਨ, ਜੋ ਕਿ ਤਜਵੀਜਤ ਆਮਦਨ ਦਾ 56% ਹੈ।

2. ਕੰਟੀਜੈਨਸੀ (ਅਚਨਚੇਤ ਖਰਚੇ) :

ਇਸ ਮਦ ਅਧੀਨ ਸਾਲ 2017-2018 ਲਈ 176.00 ਲੱਖ ਰੁਪਏ ਦਾ ਖਰਚਾ ਪ੍ਰਵਾਨ ਹੈ। ਇਸ ਵਿੱਚੋਂ ਮਿਤੀ 31.12.2017 ਤੱਕ 127.12 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2017-2018 ਦੋਰਾਨ 169.47 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਇਸ ਮਦ ਅਧੀਨ ਸਾਲ 2018-2019 ਲਈ 200.00 ਲੱਖ ਰੁਪਏ ਖਰਚਾ ਤਜਵੀਜ ਕੀਤਾ ਗਿਆ ਹੈ। ਇਹ ਖਰਚਾ ਤਜਵੀਜ ਸ਼ੁਦਾ ਆਮਦਨ ਦਾ 1% ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ ਖਰਚਾ | ਸੰਭਾਵਤ ਖਰਚਾ | ਤਜਵੀਜ ਖਰਚਾ |
|---|---|---|---|---|---|---|---|
| | | 2016-17 | 2017-18 | 31.12.17 ਤੱਕ | 01.01.18 ਤੋਂ | 2017-18 | 2018-19 |
| | | | | | 31.03.18 | | |
| - | - | - | - | 31.12.16 | | - | - |
| 1 | ਸਟੇਸ਼ਨਰੀਂ | 15.33 | 20.00 | 12.48 | 4.16 | 16.64 | 20.00 |
| 2 | ਦਫਤਰ ਦੇ ਬਿਜਲੀ ਬਿਲ | 13.40 | 15.00 | 12.87 | 4.27 | 17.14 | 20.00 |

| | | | | | | | |
|---|---|---|---|---|---|---|---|
| 3 | ਡੀਜ਼ਲ ਅਤੇ ਪੈਟ੍ਰੋਲ | 42.28 | 50.00 | 34.93 | 11.64 | 46.57 | 50.00 |
| 4 | ਵਹੀਕਲਾਂ ਦੀ ਮੁਰਮੰਤ | 16.62 | 15.00 | 16.74 | 5.58 | 22.32 | 25.00 |
| 5 | ਟੈਲੀਫੋਨ ਖਰਚਾ | 5.14 | 4.00 | 3.40 | 1.13 | 4.53 | 5.00 |
| 6 | ਕੰਪਿਊਟਰ ਅਤੇ ਫੋਟੋ ਸਟੇਟ ਮਸ਼ੀਨ | 10.61 | 10.00 | 9.75 | 3.25 | 13.00 | 15.00 |
| 7 | ਹੋਰ ਖਰਚੇ | | | | | 0.00 | |
| (i) | ਵਰਦੀਆਂ | 28.25 | 15.00 | 2.68 | 0.90 | 3.58 | 15.00 |
| (ii) | ਫਰਨੀਚਰ (ਨਵਾਂ ਅਤੇ ਪੁਰਾਣਾ) | 3.46 | 4.00 | 5.06 | 1.69 | 6.75 | 5.00 |
| (iii) | ਗੱਡੀਆਂ ਦਾ ਬੀਮਾ | 2.85 | 4.00 | 2.05 | 0.68 | 2.73 | 4.00 |
| (iv) | ਫਾਇਰ ਬ੍ਰਿਗੇਡ ਦਾ ਖਰਚਾ | 0.77 | 2.00 | 1.65 | 0.55 | 2.20 | 2.50 |
| (v) | ਅਖਬਾਰਾਂ ਦਾ ਖਰਚਾ | 0.71 | 1.00 | 0.43 | 0.14 | 0.57 | 1.00 |
| (vi) | ਵਿਗਿਆਪਣ ਤੇ ਪਬਲਿਕ ਨੋਟਿਸ ਦੇਣ ਤੇ ਖਰਚਾ | 3.20 | 4.00 | 4.58 | 1.53 | 6.11 | 5.00 |
| (vii) | ਹੋਰ ਖਰਚੇ ਜਿਵੇਂ ਕਿ ਮੇਅਰ ਮੈਂਬਰਸ਼ਿਪ ਫੀਸ, ਕੌਂਸਲਰਾਂ ਦੇ ਭੱਤੇ, ਪ੍ਰਾਪਰਟੀ ਟੈਕਸ ਸਾਫਟਵੇਅਰ, ਟੀ.ਏ. ਡਿਸਪੈਂਸ਼ਰੀ ਦਾ ਕਿਰਾਇਆ, ਰਸੀਦੀ ਟਿਕਟਾਂ, ਪਰਮਾਨੈਂਟ ਐਡਵਾਂਸ, ਰਿਫਰੈਸ਼ਮੈਂਟ, ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਦੇ ਮੌਕੇ ਤੇ ਹੋਣ ਵਾਲੇ ਖਰਚੇ, ਕਰਾਕਰੀ, ਲਾਇਸੰਸ ਪਲੇਟਾਂ, ਜੈਨਰੇਟਰ ਅਤੇ ਏ.ਸੀ. ਰਿਪੇਅਰ, ਟੀ.ਡੀ.ਐਸ. ਰਿਟਰਨ ਫਾਇਲ ਕਰਨ ਤੇ ਖਰਚੇ, ਈ.ਪੀ.ਐਫ. ਵਕੀਲ ਦੀ ਫੀਸ, ਕੈਮਰੇ/ਪ੍ਰੋਜੈਕਟਰ ਲਗਾਉਣ ਦੇ ਖਰਚੇ, ਵਾਇਰਲੈਸ ਸਪੀਕਰ ਆਦਿ ਦੇ ਖਰਚੇ। | 18.37 | 22.00 | 20.50 | 6.83 | 27.33 | 22.50 |
| (viii) | ਸਰਕਾਰ ਪਾਸੋਂ ਧਾਰਾ 82(3) ਅਧੀਨ ਪ੍ਰਵਾਨਗੀ ਲੈਣ ਉਪਰੰਤ ਹੋਣ ਵਾਲੇ ਖਰਚੇ | | 10.00 | | | | 10.00 |
| | ਕੁੱਲ" | 160.99 | 176.00 | 127.12 | 42.35 | 169.47 | 200.00 |

## 3. ਕਮਿਟਡ ਮੈਨਟੀਨੈਂਸ ਖਰਚਾ (ਵਚਨਬੱਧ ਰੱਖ-ਰਖਾਵ ਖਰਚਾ) :

ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ-ਰਖਾਵ) ਖਰਚੇ ਲਈ ਸਾਲ 2017-2018 ਲਈ 5475.00 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿੱਚੋਂ ਮਿਤੀ 31.12.2017 ਤੱਕ 2714.97 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2017-2018 ਦੌਰਾਨ ਇਸ ਮਦ ਅਧੀਨ 4296.96 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮਦ ਅਧੀਨ 5535.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

## ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ-ਰਖਾਵ ਖਰਚਿਆਂ ਦਾ ਸਾਲ 2018-19 ਦਾ ਬਜਟ ਅਨੁਮਾਨ

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ | ਸੰਭਾਵਤ | ਤਜਵੀਜਤ |
|---|---|---|---|---|---|---|---|
| | | 2016-17 | 2017-18 | 31.12.2017 | ਖਰਚਾ | ਖਰਚਾ | ਖਰਚਾ |
| | | | | ਤੱਕ | 01.01.18 ਤੋਂ | 2017-18 | 2018-19 |
| | | | | | 31.03.18 | | |
| | ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ ਰਖਾਵ ਖਰਚਾ) | | | | | | |
| 1 | ਵਾਟਰ ਸਪਲਾਈ ਮੈਨਟੀਨੈਂਸ (ਸੀਵਰੇਜ਼ ਬੋਰਡ/ਪਬਲਿਕ ਹੈਲਥ) | 134.50 | 150.00 | 41.71 | 90.90 | 132.61 | 150.00 |
| 2 | ਵਾਟਰ ਸਪਲਾਈ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 71.46 | 75.00 | 46.23 | 25.41 | 71.64 | 75.00 |
| 3 | ਵਾਟਰ ਸਪਲਾਈ ਬਿਜਲੀ ਬਿੱਲ | 429.09 | 500.00 | 287.33 | 195.78 | 483.11 | 500.00 |
| 4 | ਸੀਵਰੇਜ਼ ਮੈਨਟੀਨੈਂਸ (ਸੀਵਰੇਜ਼ ਬੋਰਡ) | 150.30 | 600.00 | 75.00 | 175.00 | 250.00 | 600.00 |
| 5 | ਸੀਵਰੇਜ਼ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 77.66 | 90.00 | 36.03 | 42.01 | 78.04 | 90.00 |
| 6 | ਸੀਵਰੇਜ਼ ਬਿਜਲੀ ਬਿੱਲ | 456.42 | 530.00 | 184.84 | 261.61 | 446.45 | 530.00 |
| 7 | ਲੋਨ/ਵਿਆਜ਼ ਦੀ ਵਾਪਸੀ | 1175.06 | 1400.00 | 1044.20 | 348.07 | 1392.27 | 1400.00 |
| 8 | ਜਮੀਨਾਂ ਦਾ ਮੁਆਵਜਾ | 28.29 | 50.00 | 21.31 | 17.10 | 38.41 | 50.00 |
| 9 | ਸਟਰੀਟ ਲਾਈਟ ਬਿਜਲੀ ਬਿੱਲ | 616.19 | 625.00 | 311.67 | 203.89 | 515.56 | 600.00 |
| 10 | ਸਟਰੀਟ ਲਾਈਟ ਮੈਨਟੀਨੈਂਸ | 141.68 | 165.00 | 63.97 | 21.32 | 85.29 | 150.00 |
| 11 | ਸਫਾਈ ਅਤੇ ਸਮਾਨ | 232.03 | 250.00 | 218.16 | 72.72 | 290.88 | 200.00 |

| | | | | | | | |
|---|---|---|---|---|---|---|---|
| 12 | ਕਰਮਚਾਰੀਆਂ ਨੂੰ ਐਡਵਾਂਸ | 19.75 | 25.00 | 18.25 | 6.08 | 24.33 | 25.00 |
| 13 | ਮਿਉਂਸਪਲ ਬਿਲਡਿੰਗ (ਨਵੀਂ ਤੇ ਪੁਰਾਣੀ) | 63.63 | 50.00 | 41.64 | 13.88 | 55.52 | 50.00 |
| 14 | ਮਸ਼ੀਨਰੀ/ਫੋਮ ਟੈਂਡਰ/ਫਾਇਰ ਟੈਂਡਰ ਦਾ ਖਰਚਾ | | 50.00 | | | 0.00 | 50.00 |
| 15 | ਪਾਰਕਾਂ ਦੇ ਰੱਖ-ਰਖਾਵ ਦਾ ਖਰਚਾ | 168.85 | 165.00 | 111.62 | 37.21 | 148.83 | 165.00 |
| 16 | ਸੋਲਿਡ ਵੇਸਟ (ਗਾਰਬੇਜ਼ ਕੁਲੈਕਸ਼ਨ) | 187.95 | 200.00 | 98.87 | 32.96 | 131.83 | 200.00 |
| 17 | ਮਿਉਂਸਪਲ ਭਵਨ (ਮੋਹਾਲੀ) ਧਾਰਾ 52(1) ਅਧੀਨ ਖਰਚਾ | | | | | 0.00 | |
| 18 | ਗਊਸ਼ਾਲਾ ਨੂੰ ਦਿੱਤੀ ਜਾਣ ਵਾਲੀ ਗਰਾਂਟ ਅਤੇ ਡਾਇਟ ਮਨੀ | 149.05 | 300.00 | 50.36 | 16.79 | 67.15 | 300.00 |
| 19 | AMRUT & Other Govt. Schemes | | 125.00 | | | 0.00 | 125.00 |
| 20 | ਡਾਇਰੈਕਟੋਰੇਟ ਖਰਚਾ | 24.25 | 50.00 | 9.69 | 3.23 | 12.92 | 50.00 |
| 21 | ਇਲੈਕਸ਼ਨ ਖਰਚਾ | | 10.00 | 11.49 | 3.83 | 15.32 | 10.00 |
| 22 | ਆਡਿਟ ਫੀਸ | 44.60 | 50.00 | 38.64 | 12.88 | 51.52 | 50.00 |
| 23 | ਕਾਨੂੰਨੀ ਖਰਚਾ | 12.14 | 15.00 | 3.96 | 1.32 | 5.28 | 15.00 |
| 24 | ਮੈਟੀ;ਆਫ ਪਬਲਿਕ/ਕੰਮਿਊਨਿਟੀ ਟਾਇਲਟਸ | | | | | | 150.00 |
| | ਕੁੱਲ: | **4182.90** | **5475.00** | **2714.97** | **1581.99** | **4296.96** | **5535.00** |

4. ਨਾਨ-ਕਮਿਟਡ ਖਰਚਾ :

**ਵਿਕਾਸ ਦੇ ਕੰਮ:**

**ਨਾਨ-ਕਮਿਟਡ ਵਿਕਾਸ ਦੇ ਕੰਮਾਂ ਲਈ ਲਈ ਸਾਲ 2017-2018 ਲਈ 1000.00 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿੱਚੋਂ ਮਿਤੀ 31.12.2017 ਤੱਕ 844.02 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2017-2018 ਦੋਰਾਨ ਇਸ ਮਦ ਅਧੀਨ 1409.56 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਇਸ ਮਦ ਅਧੀਨ 1170.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-**

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ | ਸੰਭਾਵਤ | ਤਜਵੀਜਤ |
|---|---|---|---|---|---|---|---|
| | | 2016-17 | 2017-18 | 31.12.17 | ਖਰਚਾ | ਖਰਚਾ | ਖਰਚਾ |
| | | | | ਤੱਕ | 01.01.18 ਤੋਂ | 2017-18 | 2018-19 |
| | | | | | 31.03.18 | | |
| | ਨਾਨ-ਕਮਿਟਡ ਖਰਚਾ<br>ਵਿਕਾਸ ਦੇ ਕੰਮ | | | | | | |
| 1 | ਨਵੀਆਂ ਸੜ੍ਹਕਾਂ | 190.35 | 200.00 | 405.35 | 235.12 | 640.47 | 300.00 |
| 2 | ਪੁਰਾਣੀਆਂ ਸੜ੍ਹਕਾਂ ਦੀ ਮੁਰਮੰਤ | 245.60 | 100.00 | 208.18 | 169.39 | 377.57 | 150.00 |
| 3 | ਨਾਲੀਆਂ | 1.33 | 15.00 | 0.55 | 8.18 | 8.73 | 15.00 |
| 4 | ਵਾਟਰ ਸਪਲਾਈ ਨਵੇਂ ਕੰਮ (ਸੀਵਰੇਜ਼ ਬੋਰਡ/ ਪਬਲਿਕ ਹੈਲਥ) | 13.09 | 85.00 | | | 0.00 | 50.00 |
| 5 | ਵਾਟਰ ਸਪਲਾਈ ਨਵੇਂ ਕੰਮ (ਨਗਰ ਨਿਗਮ ਬਠਿੰਡਾ) | 26.54 | 50.00 | 12.58 | 14.19 | 26.77 | 50.00 |
| 6 | ਸੀਵਰੇਜ਼ ਨਵੇਂ ਕੰਮ (ਸੀਵਰੇਜ਼ ਬੋਰਡ) | | 150.00 | | | 0.00 | 100.00 |
| 7 | ਸੀਵਰੇਜ਼ ਨਵੇਂ ਕੰਮ (ਨਗਰ ਨਿਗਮ, ਬਠਿੰਡਾ) | 25.10 | 50.00 | 7.40 | 12.47 | 19.87 | 50.00 |
| 8 | ਡੀ.ਬੀ. ਪੇਵਿੰਗ | 56.75 | 50.00 | 20.41 | 16.99 | 37.40 | 50.00 |
| 9 | ਨਵੇਂ ਪਾਰਕ | 89.96 | 50.00 | 46.25 | 15.42 | 61.67 | 100.00 |
| 10 | ਪਬਲਿਕ ਟਾਇਲਟ | 19.59 | 50.00 | 16.58 | 21.53 | 38.11 | 50.00 |
| 11 | ਸਟਰੀਟ ਲਾਈਟ ਨਵੀਂ | 26.24 | 50.00 | 35.54 | 11.85 | 47.39 | 50.00 |
| 12 | ਸਲੱਮ | 15.36 | 50.00 | 12.56 | 34.19 | 46.75 | 50.00 |
| 13 | ਐਸ.ਟੀ.ਪੀ. ਅਤੇ ਹੋਰ ਖਰਚੇ | 191.85 | 100.00 | 78.62 | 26.21 | 104.83 | 100.00 |
| 14 | ਡਸਟਬੀਨਜ਼ | | | | | | 50.00 |

| | | | | | | | |
|---|---|---|---|---|---|---|---|
| 15 | ਲਾਇਬਰੇਰੀ ਲਈ ਕਿਤਾਬਾਂ | | | | | | 5.00 |
| | ਕੁੱਲ: | **901.76** | **1000.00** | **844.02** | **565.54** | **1409.56** | **1170.00** |

ਉਪਰੋਕਤ ਤੋਂ ਇਲਾਵਾ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਬਠਿੰਡਾ ਸ਼ਹਿਰ ਲਈ 100% ਸੀਵਰ ਅਤੇ ਪਾਣੀ ਦੀ ਸੁਵਿਧਾ ਦੇਣ ਖਾਤਰ 288.00 ਕਰੋੜ੍ਹ ਰੁਪਏ ਦਾ ਪ੍ਰੋਜੈਕਟ ਪ੍ਰਵਾਨ ਕੀਤਾ ਗਿਆ ਹੈ। ਇਸ ਪ੍ਰੋਜੈਕਟ ਨੂੰ ਪੂਰਾ ਕਰਨ ਖਾਤਰ ਹੁਡਕੋ ਪਾਸੋਂ 105.00 ਕਰੋੜ੍ਹ ਰੁਪਏ ਕਰਜ਼ਾ ਪ੍ਰਵਾਨ ਕੀਤਾ ਗਿਆ। ਪ੍ਰਵਾਨਤ ਕਰਜ਼ੇ 105.00 ਕਰੋੜ੍ਹ ਰੁਪਏ ਦੇ ਵਿਰੁੱਧ ਹੁਣ ਤੱਕ ਹੁਡਕੋ ਵੱਲੋਂ 43.75 ਕਰੋੜ੍ਹ ਰੁਪਏ ਦਾ ਨਗਰ ਨਿਗਮ ਨੂੰ ਬਤੌਰ ਕਰਜ਼ਾ ਦਿੱਤਾ ਗਿਆ ਹੈ। ਨਗਰ ਨਿਗਮ ਵੱਲੋਂ ਹੁਣ ਤੱਕ 18,37,50,000/- ਰੁਪਏ ਬਤੋਰ ਮੂਲ ਵਾਪਸ ਕੀਤੇ ਗਏ ਹਨ ਅਤੇ 9,67,04,764/- ਰੁਪਏ ਵਿਆਜ਼ ਦੇ ਤੋਰ ਤੇ ਦਿੱਤੇ ਗਏ ਹਨ। ਲਏ ਗਏ ਕਰਜ਼ੇ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਾਲ | ਲ਼ਏ ਗਏ ਕਰਜ਼ੇ ਦੀ ਰਕਮ | ਮੋੜੇ ਗਏ ਕਰਜ਼ੇ ਦੀ ਰਕਮ | ਦਿੱਤੇ ਗਏ ਵਿਆਜ਼ ਦੀ ਰਕਮ |
|---|---|---|---|---|
| 1 | 2013-2014 | 8,75,00,000.00 | -- | -- |
| 2 | 2014-2015 | -- | -- | 89,64,555.00 |
| 3 | 2015-2016 | 17,50,00,000.00 | -- | 1,71,85,360.00 |
| 4 | 2016-2017 | 17,50,00,000.00 | 7,87,50,000.00 | 3,80,17,672.00 |
| 5 | 2017-18 | -- | 10,50,00,000.00 | 3,25,37,177.00 |
| | ਕੁੱਲ | 43,75,00,000.00 | 18,37,50,000.00 | 9,67,04,764.00 |

ਉਕਤ ਕਰਜ਼ੇ ਦੀ ਰਕਮ ਸ਼ਹਿਰ ਵਿੱਚ ਸ਼ਹਿਰ ਵਿੱਚ 100% ਸੀਵਰ ਅਤੇ ਪਾਣੀ ਦੀ ਸੁਵਿਧਾ ਦੇਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਪਬਲਿਕ ਹੈਲਥ ਵਿਭਾਗ ਪਾਸ ਜਮਾਂ ਕਰਵਾਏ ਗਏ ਹਨ। ਉਕਤ ਤੋਂ ਇਲਾਵਾ ਸਾਲ 2015-16 ਵਿੱਚ 542.58 ਲੱਖ ਰੁਪਏ, ਸਾਲ 2016-17 ਦੌਰਾਨ 367.47 ਲੱਖ ਰੁਪਏ ਅਤੇ ਸਾਲ 2017-18 ਵਿੱਚ 712.67 ਲੱਖ ਰੁਪਏ, ਕੁੱਲ 1622.72 ਲੱਖ ਰੁਪਏ ਫਾਇਨਾਂਸ ਕਮਿਸ਼ਨ ਪਾਸੋਂ ਪ੍ਰਾਪਤ ਹੋਏ ਸਨ, ਜੋ ਕਿ ਸਾਲ 2017-18 ਵਿੱਚ ਵਿਕਾਸ ਦੇ ਕੰਮਾਂ ਲਈ ਖਰਚ ਕੀਤੇ ਗਏ ਹਨ।

ਦੇਣਦਾਰੀ ਸਬੰਧੀ ਨੋਟ:- ਨਗਰ ਨਿਗਮ ਬਠਿੰਡਾ ਨੂੰ ਸਾਲ 2008 ਵਿਚ ਪੀ.ਆਈ.ਡੀ.ਬੀ. ਵਲੋਂ ਸ਼ਹਿਰ ਵਿਚ ਬੁਨਿਆਦੀ ਢਾਂਚੇ ਸਬੰਧੀ ਸਹੂਲਤਾਂ ਦੇਣ ਲਈ 40.00 ਕਰੋੜ ਰੁਪਏ ਪ੍ਰਾਪਤ ਹੋਏ ਸਨ। ਬਾਦ ਵਿਚ ਬਲਿਊ ਫੋਕਸ ਪ੍ਰਾਪਰਟੀ ਨਗਰ ਨਿਗਮ ਪਾਸ ਵਾਪਸ ਆ ਗਈ ਸੀ ਅਤੇ ਪੀ.ਆਈ.ਡੀ.ਬੀ. ਵਲੋਂ ਇਸ ਨੂੰ ਲੋਨ ਵਿਚ ਬਦਲ ਦਿੱਤਾ ਗਿਆ। ਇਸ ਤਰ੍ਹਾਂ ਹੀ ਸਾਲ 2011 ਵਿਚ 12.45 ਕਰੋੜ ਰੁਪਏ ਪੀ.ਆਈ.ਡੀ.ਬੀ. ਵਲੋਂ ਨਗਰ ਨਿਗਮ ਬਠਿੰਡਾ ਨੂੰ ਪ੍ਰਾਪਤ ਹੋਣ ਵਾਲੀ ਗਰਾਂਟ ਦੇ ਵਿਰੁੱਧ ਬਤੌਰ ਐਡਵਾਂਸ ਦਿੱਤਾ ਗਿਆ ਸੀ। ਇਹ ਗਰਾਂਟ ਪ੍ਰਾਪਤ ਨਹੀਂ ਹੋਈ ਅਤੇ ਇਹ ਰਾਸ਼ੀ ਲੋਨ ਵਿਚ ਤਬਦੀਲ ਹੋ ਗਈ। ਇਸ ਤਰ੍ਹਾਂ ਕੁਲ 52.45 ਕਰੋੜ ਰੁਪਏ ਪੀ.ਆਈ. ਡੀ.ਬੀ. ਦਾ ਲੋਨ ਹੈ। ਪੀ.ਆਈ. ਡੀ.ਬੀ. ਦੀ ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ ਇਹ ਰਾਸ਼ੀ ਨਗਰ ਨਿਗਮ ਦੀ ਐਕਸਾਈਜ਼ ਡਿਊਟੀ ਵਿਚੋਂ ਕੱਟੀ ਜਾਣੀ ਹੈ। ਨਗਰ ਨਿਗਮ ਵਲੋਂ ਹੁਡਕੋ ਪਾਸੋਂ ਸ਼ਹਿਰ ਵਿਚ 100% ਵਾਟਰ ਸਪਲਾਈ ਅਤੇ ਸੀਵਰੇਜ਼ ਸਹੂਲਤ ਲਈ ਹੁਣ ਤੱਕ 43.75 ਕਰੋੜ੍ਹ ਰੁਪਏ ਬਤੌਰ ਕਰਜ਼ਾ ਪ੍ਰਾਪਤ ਹੋਏ ਹਨ। ਇਸ ਸਬੰਧੀ ਸਾਲ 2018-2019 ਵਿੱਚ 14.00 ਕਰੋੜ੍ਹ ਰੁਪਏ ਬਤੌਰ ਮੂਲ ਅਤੇ ਵਿਆਜ਼ ਵਾਪਸ ਕਰਨ ਖਾਤਰ ਬਜਟ ਵਿੱਚ ਪ੍ਰਾਵਧਾਨ ਕੀਤਾ ਗਿਆ ਹੈ।

ਨਗਰ ਨਿਗਮ ਵਲੋਂ ਬਾਦ ਵਿਚ ਬਲਿਊ ਫੋਕਸ ਪ੍ਰਾਪਰਟੀ ਨਗਰ ਸੁਧਾਰ ਟਰਸਟ ਨੂੰ 82.47 ਕਰੋੜ ਰੁਪਏ ਵਿਚ ਟਰਾਂਸਫਰ ਕਰ ਦਿੱਤੀ ਗਈ ਸੀ। ਜਿਸ ਵਿਚੋਂ ਅਜੇ 23.25 ਕਰੋੜ ਰੁਪਏ ਹੀ ਪ੍ਰਾਪਤ ਹੋਏ ਹਨ। ਬਾਕੀ ਰਾਸ਼ੀ ਲਈ ਨਗਰ ਸੁਧਾਰ ਟਰਸਟ ਨੂੰ ਬਹੁਤ ਪੱਤਰ ਲਿਖੇ ਗਏ ਹਨ। ਇਸ ਸਾਲ ਦੌਰਾਨ ਜੇਕਰ ਨਗਰ ਸੁਧਾਰ ਟਰਸਟ ਵਲੋਂ ਰਾਸ਼ੀ ਪ੍ਰਾਪਤ ਹੋ ਜਾਂਦੀ ਹੈ ਤਾਂ ਉਹ 100% ਕਵਰੇਜ਼ ਸਕੀਮ ਲਈ ਨਗਰ ਨਿਗਮ ਦੇ ਸ਼ੇਅਰ ਦੇ ਤੌਰ ਤੇ ਵਰਤੀ ਜਾਵੇਗੀ।

*ਉਪਰੋਕਤ ਵੇਰਵੇ ਅਨੁਸਾਰ ਨਗਰ ਨਿਗਮ ਦੀ ਮਾਲੀ ਹਾਲਤ ਹੇਠ ਲਿਖੇ ਅਨੁਸਾਰ ਦਰਸਾਈ ਗਈ ਹੈ :-*

| | | | |
|---|---|---|---|
| 1. | ਮਿਤੀ 01/04/2017 ਨੂੰ ਕੈਸ਼-ਬੁੱਕ ਅਨੁਸਾਰ ਮੁਢਲੀ ਬਾਕੀ : | 2269.90 | ਲੱਖ ਰੁਪਏ |
| 2. | ਸਾਲ 2017-2018 ਵਿਚ ਹੋਣ ਵਾਲੀ ਸੰਭਾਵਤ ਆਮਦਨ | 11519.11 | ਲੱਖ ਰੁਪਏ |
| | ਕੁੱਲ ਜੋੜ : | 13789.01 | ਲੱਖ ਰੁਪਏ |

**ਸੰਭਾਵਤ ਖਰਚਾ :**

| | | | | |
|---|---|---|---|---|
| 1. | ਅਮਲਾ (ਕਮਿਟਡ) | 6238.90 | 54% | |
| 2. | ਕੰਟੀਜੈਂਸੀ (ਕਮਿਟਡ) | 169.47 | 1% | |
| 3. | ਮੈਨਟੀਨੈਂਸ ਖਰਚਾ (ਕਮਿਟਡ) | 4296.96 | 37% | |
| 4. | ਵਿਕਾਸ (ਨਾਨ-ਕਮਿਟਡ) | 1409.56 | 12% | |
| | | 12114.89 ਲੱਖ ਰੁਪਏ | | 12114.89 ਲੱਖ ਰੁਪਏ |

| | |
|---|---|
| ਮਿਤੀ 31/03/2018 ਨੂੰ ਸੰਭਾਵਤ ਬਾਕੀ : | 1674.12 ਲੱਖ ਰੁਪਏ |
| ਮਿਤੀ 01/04/2018 ਨੂੰ ਮੁਢਲੀ ਬਾਕੀ : | 1674.12 ਲੱਖ ਰੁਪਏ |
| ਸਾਲ 2018-2019 ਲਈ ਤਜਵੀਜ ਸ਼ੁਦਾ ਆਮਦਨ : | 13841.03 ਲੱਖ ਰੁਪਏ |
| ਕੁੱਲ ਆਮਦਨ : | 15515.15 ਲੱਖ ਰੁਪਏ |

**ਤਜਵੀਜ ਖਰਚਾ** :

| | | | | |
|---|---|---|---|---|
| 1. | ਅਮਲਾ (ਕਮਿਟਡ) | 7797.01 | 56% | |
| 2. | ਕੰਟੀਜੈਂਸੀ (ਕਮਿਟਡ) | 200.00 | 1% | |
| 3. | ਮੈਨਟੀਨੈਂਸ ਖਰਚਾ (ਕਮਿਟਡ) | 5535.00 | 40% | |
| 4. | ਵਿਕਾਸ (ਨਾਨ-ਕਮਿਟਡ) | 1170.00 | 8% | |
| | | 14702.01 ਲੱਖ ਰੁਪਏ | | 14702.01 ਲੱਖ ਰੁਪਏ |

| | |
|---|---|
| ਮਿਤੀ 31/03/2019 ਨੂੰ ਸੰਭਾਵਤ ਅੰਤਿਮ ਬਾਕੀ : | 813.14 ਲੱਖ ਰੁਪਏ |

**ਨਗਰ ਨਿਗਮ ਬਠਿੰਡਾ ਦਾ ਸਾਲ 2018-2019 ਦਾ ਬਜਟ ਪ੍ਰਵਾਨਗੀ ਲਈ ਵਿਚਾਰ ਹਿੱਤ।**

ਸ੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਸਰਕਾਰ ਵੱਲੋਂ ਕੋਈ ਰੈਗੂਲਰ ਭਰਤੀ ਨਹੀਂ ਕੀਤੀ ਜਾ ਰਹੀ। ਦਫਤਰਾਂ ਦਾ ਕੰਮ ਆਉਟਸੋਰਸ ਤੇ ਕਰਮਚਾਰੀ ਰੱਖ ਕੇ ਪੂਰਾ ਕੀਤਾ ਜਾ ਰਿਹਾ ਹੈ। ਉਹਨਾਂ ਪੁੱਛਿਆ ਕਿ ਬਜਟ ਵਿੱਚ ਆਉਟਸੋਰਸ ਤੇ ਰੱਖੇ ਜਾਣ ਵਾਲੇ ਕਰਮਚਾਰੀਆਂ ਖਾਤਰ ਖਰਚਾ ਰੱਖਿਆ ਗਿਆ ਹੈ ਜਾਂ ਨਹੀਂ? ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਬਜਟ ਵਿੱਚ 175.00 ਲੱਖ ਰੁਪਏ ਆਉਟਸੋਰਸ ਤੇ ਕਰਮਚਾਰੀ ਰੱਖਣ ਲਈ ਪ੍ਰਾਵਧਾਨ ਕੀਤਾ ਹੋਇਆ ਹੈ। ਇਸਤੇ ਸ੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਇਹ ਖਰਚਾ ਬਹੁਤ ਹੀ ਘੱਟ ਹੈ। ਇਸਤੇ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਸ ਮੱਦ ਨੂੰ 175.00 ਲੱਖ ਰੁਪਏ ਤੋਂ ਵਧਾਉਂਦੇ ਹੋਏ 250.00 ਲੱਖ ਰੁਪਏ ਕਰ ਦਿੱਤਾ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਅੱਜ ਬਜਟ ਦੀ ਮੀਟਿੰਗ ਵਿੱਚ ਸਲੱਮ ਬਸਤੀਆਂ ਖਾਤਰ ਕੁੱਝ ਵੀ ਨਹੀਂ ਰੱਖਿਆ ਗਿਆ। ਇਸਦੇ ਜਵਾਬ ਵਿੱਚ ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਬਜਟ ਵਿੱਚ 50.00 ਲੱਖ ਰੁਪਏ ਸਲੱਮ ਬਸਤੀਆਂ ਖਾਤਰ ਰੱਖੇ ਹੋਏ ਹਨ। ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਇਹ ਬਹੁਤ ਹੀ ਘੱਟ ਹਨ। ਉਹਨਾਂ ਇਸ ਰਕਮ ਨੂੰ ਹੋਰ ਜਿਆਦਾ ਕਰਨ ਦੀ ਮੰਗ ਕੀਤੀ।

ਸ੍ਰ: ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਬਜਟ ਵਿੱਚ ਜੀ.ਐਸ.ਟੀ. ਦਾ ਹਿੱਸਾ ਵਧਿਆ ਹੈ। ਇਸਦੇ ਵਧਣ ਨਾਲ ਨਗਰ ਨਿਗਮ ਨੂੰ ਮਿਲਦੇ ਜੀ.ਐਸ.ਟੀ. ਵੈਟ ਵਿੱਚ ਵੀ ਵਾਧਾ ਹੋਣ ਦੀ ਉਮੀਦ ਹੈ। ਉਹਨਾਂ ਬਜਟ ਵਿੱਚ ਰੱਖੇ ਵੈਟ ਦੀ ਰਕਮ ਨੂੰ 8450.00 ਲੱਖ ਰੁਪਏ ਤੋਂ ਵਧਾ ਕੇ ਹੋਰ ਜਿਆਦਾ ਰਕਮ ਰੱਖਣ ਲਈ ਕਿਹਾ। ਇਸਦੀ ਤਾਇਦ ਕਰਦੇ ਹੋਏ ਸ੍ਰ: ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਪੰਜਾਬ ਦੇ ਬਜਟ ਵਿੱਚ ਕੇਂਦਰ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਜੀ.ਐਸ.ਟੀ. ਵਿੱਚ ਤਕਰੀਬਨ 25% ਦਾ ਵਾਧਾ ਕੀਤਾ ਜਾ ਰਿਹਾ ਹੈ। ਉਹਨਾਂ ਇਸ ਹੋਏ ਵਾਧੇ ਅਨੁਸਾਰ ਹੀ ਨਗਰ ਨਿਗਮ ਨੂੰ ਵੈਟ, ਜੀ.ਐਸ.ਟੀ. ਦੀ ਰਕਮ ਦੇਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਦਾ ਜੀ.ਐਸ.ਟੀ. ਦੇ ਬਜਟ ਵਿੱਚ ਵਾਧਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਵੈਟ ਅਤੇ ਜੀ.ਐਸ.ਟੀ. ਵਧਾਉਣ ਲਈ ਸਰਕਾਰ ਪਾਸੋਂ ਮੰਗ ਕਰਨੀ ਯੋਗ ਹੋਵੇਗੀ। ਇਸਤੋਂ ਇਲਾਵਾ ਸਰਕਾਰ ਵੱਲੋਂ ਜੋ ਵੈਟ, ਜੀ.ਐਸ.ਟੀ. ਦਾ ਹਿੱਸਾ ਨਗਰ ਨਿਗਮਾਂ ਨੂੰ ਦਿੱਤਾ ਜਾਂਦਾ ਹੈ, ਉਸ ਬਾਰੇ ਵੀ ਸਪਸ਼ਟੀਕਰਨ ਮੰਗਿਆ ਜਾਵੇ। ਸ੍ਰ: ਹਰਮਿੰਦਰ ਸਿੰਘ ਕੌਂਸਲਰ ਨੇ ਵਿਗਿਆਪਨ ਕਰ ਲਈ ਰੱਖੇ 297.00 ਲੱਖ ਰੁਪਏ ਸਬੰਧੀ ਦਸਿਆ ਕਿ ਸਾਲ 2017-2018 ਦੌਰਾਨ 325.00 ਲੱਖ ਰੁਪਏ ਦੀ ਆਮਦਨ ਹੋਣ ਦੀ ਉਮੀਦ ਹੈ, ਜਦਕਿ ਬਜਟ ਘਟਾ ਕੇ 297.00 ਲੱਖ ਰੁਪਏ ਹੀ ਰੱਖਿਆ ਗਿਆ ਹੈ। ਉਹਨਾਂ ਕਿਹਾ ਕਿ ਇਸ ਮੱਦ ਵਿੱਚ 15-20% ਹੋਰ ਜਿਆਦਾ ਆਮਦਨ ਵਧਾਈ ਜਾ ਸਕਦੀ ਹੈ। ਉਹਨਾਂ ਇਸ ਮੱਦ ਨੂੰ 400.00 ਲੱਖ ਰੁਪਏ ਕਰਨ ਲਈ ਕਿਹਾ। ਵਿਕਾਸ ਚਾਰਜ਼ਿਜ਼ ਲਈ ਰੱਖੇ 250.00 ਲੱਖ ਰੁਪਏ ਸਬੰਧੀ ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਇੱਕ ਪਾਸੇ ਤਾਂ ਈ.ਡੀ.ਸੀ ਚਾਰਜ਼ਿਜ਼,

ਯੂ.ਡੀ.ਸੀ. ਚਾਰਜਿਜ਼ ਅਤੇ ਸੀ.ਐਲ.ਯੂ. ਲਿਆ ਜਾਂਦਾ ਹੈ ਅਤੇ ਦੂਸਰੇ ਪਾਸੇ ਵਿਕਾਸ ਚਾਰਜਿਜ਼ ਦੇ ਨਾਮ ਤੇ ਵੀ ਬਿਲਡਿੰਗ ਨਕਸ਼ਾ ਫਾਇਲਾਂ ਨਾਲ ਪੈਸੇ ਭਰਵਾਏ ਜਾਂਦੇ ਹਨ। ਉਹਨਾਂ ਇਸ ਸਬੰਧੀ ਵਿਸਥਾਰ ਵਿੱਚ ਜਾਂਚ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਡਿਟੇਲ ਦੇਣ ਦੀ ਮੰਗ ਕੀਤੀ। ਬਜਟ ਵਿੱਚ ਰੱਖੇ ਚੈਂਜ਼ ਆਫ ਲੈਂਡ ਯੂਜ਼ ਦੀ ਮੱਦ ਸਬੰਧੀ ਉਹਨਾਂ ਕਿਹਾ ਕਿ ਇਸ ਮੱਦ ਨੂੰ ਵਧਾਉਣ ਲਈ ਬਹੁਤ ਜਿਆਦਾ ਸਕੋਪ ਹੈ। ਉਹਨਾਂ ਇਸ ਮੱਦ ਨੂੰ ਵੀ ਵਧਾਉਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਪਿਛਲੇ 10 ਸਾਲਾਂ ਵਿੱਚ ਨਗਰ ਨਿਗਮ ਵੱਲੋਂ ਸ਼ਹਿਰ ਦੇ ਬਹੁਤ ਸਾਰੇ ਏਰੀਆ ਵਿੱਚ 100% ਪਾਣੀ ਅਤੇ ਸੀਵਰੇਜ਼ ਦੀ ਸਹੂਲਤ ਦੇਣ ਖਾਤਰ ਨਵੀਆਂ ਪਾਈਪਾਂ ਪਾਈਆਂ ਗਈਆਂ ਹਨ ਅਤੇ ਨਵੇਂ ਕੁਨੈਕਸ਼ਨ ਵੀ ਦਿੱਤੇ ਗਏ ਹਨ। ਉਹਨਾਂ ਜਲਦ ਤੋਂ ਜਲਦ ਇਹਨਾਂ ਕੁਨੈਕਸ਼ਨਾਂ ਨੂੰ ਰੈਗੂਲਰਾਇਜ਼ ਕਰਕੇ ਇਸ ਮੱਦ ਦੀ ਆਮਦਨ ਵਿੱਚ ਹੋਰ ਵਾਧਾ ਕਰਨ ਦੀ ਮੰਗ ਕੀਤੀ। ਉਹਨਾਂ ਬਿਲਡਿੰਗ ਰੈਗੂਲਰਾਇਜ਼ੇਸ਼ਨ ਚਾਰਜਿਜ਼ ਨੂੰ 100.07 ਲੱਖ ਰੁਪਏ ਦੀ ਆਮਦਨ ਦੇ ਮੁਕਾਬਲੇ ਰੱਖੇ ਗਏ 70.00 ਲੱਖ ਰੁਪਏ ਦੇ ਬਜਟ ਵਿੱਚ ਵਾਧਾ ਕਰਨ ਦੀ ਮੰਗ ਕੀਤੀ। ਐਕਸਾਇਜ਼ ਡਿਊਟੀ ਦੀ ਮੱਦ ਤੇ ਬੋਲਦਿਆਂ ਉਹਨਾਂ ਕਿਹਾ ਕਿ ਇਸਨੂੰ ਪਿਛਲੇ ਸਾਲ ਰੱਖੇ ਬਜਟ 700.00 ਲੱਖ ਰੁਪਏ ਦੇ ਮੁਕਾਬਲੇ ਹੁਣ 200.00 ਲੱਖ ਰੁਪਏ ਕਰਨ ਦੇ ਕੀ ਕਾਰਨ ਹਨ? ਉਹਨਾਂ ਪੁੱਛਿਆ ਕਿ ਕੀ ਪੰਜਾਬ ਵਿੱਚ ਨਸ਼ੇ ਵਿਕਣੇ ਬੰਦ ਹੋ ਗਏ ਹਨ, ਜੋ ਐਕਸਾਇਜ਼ ਡਿਊਟੀ ਵਿੱਚ ਕਮੀ ਕੀਤੀ ਗਈ ਹੈ। ਉਹਨਾਂ ਆਮਦਨ ਦੀਆਂ ਉਕਤ ਮੱਦਾਂ ਵਿੱਚ ਵਾਧਾ ਕਰਦੇ ਹੋਏ ਵਿਕਾਸ ਕਾਰਜਾਂ ਲਈ ਰੱਖੇ 8% ਬਜਟ ਨੂੰ ਪਿਛਲੇ ਸਾਲ ਰੱਖੇ 12% ਤੋਂ ਵੀ ਜਿਆਦਾ ਖਰਚਾ ਰੱਖਣ ਦੀ ਮੰਗ ਕੀਤੀ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਸੰਖਿਆ ਦਿਨ ਬ ਦਿਨ ਵੱਧ ਰਹੀ ਹੈ। ਇਸ ਨਾਲ ਆਮ ਪਬਲਿਕ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਅਵਾਰਾ ਕੁੱਤਿਆਂ ਤੋਂ ਆ ਰਹੀ ਸਮੱਸਿਆ ਤੋਂ ਜਲਦ ਤੋਂ ਜਲਦ ਛੁਟਕਾਰਾ ਦਿਵਾਉਣ ਦੀ ਮੰਗ ਕੀਤੀ। ਇਸਦੀ ਤਾਇਦ ਕਰਦੇ ਹੋਏ ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਨਗਰ ਨਿਗਮ ਦੀ ਕੋਈ ਜਗ੍ਹਾ ਕੁੱਤਿਆਂ ਨੂੰ ਰੱਖਣ ਲਈ ਅਲਾਟ ਕੀਤੀ ਜਾਵੇ ਅਤੇ ਉਹਨਾਂ ਭਰੋਸਾ ਦਿਵਾਇਆ ਕਿ ਸ਼ਹਿਰ ਦੇ ਜੋ ਵੀ ਕੁੱਤੇ ਉਸ ਜਗ੍ਹਾ ਰੱਖੇ ਜਾਣਗੇ, ਉਹ ਨਿੱਜੀ ਤੋਰ ਤੇ ਉਹਨਾਂ ਦੀ ਦੇਖਭਾਲ ਕਰਨਗੇ। ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਸ਼ਾਮਲਾਟ ਜਮੀਨਾਂ ਸਬੰਧੀ ਵੀ ਫੈਸਲਾ ਲੈਣ ਖਾਤਰ ਮੰਗ ਪੱਤਰ ਦਿੱਤਾ।

ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਬਰਸਾਤਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਸ਼ਹਿਰ ਵਿੱਚ ਤ੍ਰਿਵੇਣੀ ਕੰਪਨੀ ਵੱਲੋਂ ਸੀਵਰੇਜ਼ ਦੀ ਡੀ-ਸਿਲਟਿੰਗ ਨਾ ਕਰਨ ਅਤੇ ਰੋਡ ਜਾਲੀਆਂ ਸਾਫ ਨਾ ਕਰਨ ਕਾਰਨ ਆਮ ਪਬਲਿਕ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਅੱਜ ਦੀ ਮੀਟਿੰਗ ਵਿੱਚ ਨਗਰ ਨਿਗਮ ਵੱਲੋਂ ਸੀਵਰੇਜ਼ ਦੀ ਡੀ-ਸਿਲਟਿੰਗ ਕਰਨ ਅਤੇ ਰੋਡ ਜਾਲੀਆਂ ਸਾਫ ਕਰਨ ਸਬੰਧੀ ਬਜਟ ਵਿੱਚ ਖਰਚਾ ਰੱਖਣ ਦੀ ਮੰਗ ਕੀਤੀ। ਇਸ ਗੱਲ ਦੀ ਤਾਇਦ ਸ੍ਰ: ਸੁਖਮਿੰਦਰ ਸਿੰਘ ਅਤੇ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰਜ਼ ਨੇ ਵੀ ਕੀਤੀ।

ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਲੋਕਾਂ ਪਾਸੋਂ ਕਾਊ ਸੈਸ ਇੱਕਠਾ ਕੀਤਾ ਜਾਂਦਾ ਹੈ। ਪਰੰਤੂ ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਦੀ ਗਿਣਤੀ ਦਿਨ ਬ ਦਿਨ ਵੱਧ ਰਹੀ ਹੈ। ਇਸ ਨਾਲ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਵੀ ਬਹੁਤ ਜਿਆਦਾ ਹੋ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਜੇਕਰ ਕਿਸੇ ਬੇਸਹਾਰਾ ਪਸ਼ੂ ਨਾਲ ਕਿਸੇ ਵਿਅਕਤੀ ਨੂੰ ਕੋਈ ਚੋਟ ਲਗਦੀ ਹੈ ਤਾਂ ਜਖਮੀ ਵਿਅਕਤੀ ਅਤੇ ਜੇਕਰ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਪਰਿਵਾਰ ਦੇ ਮੈਂਬਰਾਂ ਨੂੰ ਮੁਆਵਜਾ ਦਿੱਤਾ ਜਾਵੇ। ਇਸਦੀ ਤਾਇਦ ਕਰਦੇ ਹੋਏ ਸ੍ਰ: ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਇਹ ਯੋਗ ਹੋਵੇਗਾ ਜੇਕਰ ਮੁਆਵਜਾ ਨਾ ਦੇ ਕੇ ਕਿਸੇ ਬੀਮਾ ਯੋਜਨਾ ਤਹਿਤ ਬੀਮਾ ਹੀ ਕਰਵਾ ਦਿੱਤਾ ਜਾਵੇ। ਇਸਤੇ ਵਿਚਾਰ ਕਰਦੇ ਹੋਏ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਅੱਜ ਦੀ ਬਜਟ ਮੀਟਿੰਗ ਵਿੱਚ 50.00 ਲੱਖ ਰੁਪਏ ਬੇਸਹਾਰਾ ਪਸ਼ੂਆਂ ਤੋਂ ਕਿਸੇ ਵਿਅਕਤੀ ਨੂੰ ਚੋਟ ਲਗਣ ਜਾਂ ਮੋਤ ਹੋਣ ਦੀ ਸੂਰਤ ਵਿੱਚ ਕਾਊ ਸੈਸ ਵਿੱਚੋਂ ਬਣਦਾ ਮੁਆਵਜਾ ਦੇਣ ਦਾ ਪ੍ਰਾਵਧਾਨ ਕਰ ਲਿਆ ਜਾਵੇ।

ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਸ਼ਹਿਰ ਵਿੱਚ ਲੋਕਾਂ ਵੱਲੋਂ ਕੀਤੀ ਜਾ ਰਹੀ ਐਡਵਰਟਾਇਜ਼ਮੈਂਟ ਸਬੰਧੀ ਨਗਰ ਨਿਗਮ ਵੱਲੋਂ ਕੀਤੀ ਕਾਰਵਾਈ ਬਾਰੇ ਮੰਗ ਕੀਤੀ ਸੀ। ਉਹਨਾਂ ਦਸਿਆ ਕਿ ਮਿੱਤਲ ਮਾਲ ਦੇ ਬਾਹਰ 6 ਯੂਨੀਪੋਲ ਲੱਗੇ ਹੋਏ ਹਨ, ਜਿੰਨ੍ਹਾਂ ਤੋਂ ਨਗਰ ਨਿਗਮ ਨੂੰ ਕੋਈ ਆਮਦਨ ਨਹੀਂ ਹੋ ਰਹੀ। ਸ਼੍ਰ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਲੱਗੀਆਂ ਰੇਹੜੀਆਂ ਤੋਂ ਤਾਂ ਨਗਰ ਨਿਗਮ ਵੱਲੋਂ ਲਾਇਸੰਸ ਆਦਿ ਦੇ ਤੋਰ ਤੇ ਪੈਸੇ ਇੱਕਠੇ ਕੀਤੇ ਜਾਂਦੇ ਹਨ, ਜਦਕਿ ਕਈ ਹੋਟਲਾਂ ਵਾਲਿਆਂ ਵੱਲੋਂ ਫੁੱਟਪਾਥ ਰੋਕਣ ਦੇ ਬਾਵਜੂਦ ਵੀ ਕੋਈ ਪੈਸਾ ਨਹੀਂ ਲਿਆ ਜਾਂਦਾ।

ਸ੍ਰ: ਮਲਕੀਤ ਸਿੰਘ ਕੌਂਸਲਰ ਨੇ ਕਿ ਨਗਰ ਨਿਗਮ ਵੱਲੋਂ ਹਰ ਬਜਟ ਵਿੱਚ ਪਾਣੀ ਅਤੇ ਸੀਵਰੇਜ਼ ਦੇ ਨਵੇਂ ਕੰਮ ਕਰਾਉਣ ਲਈ ਫੰਡਜ਼ ਰੱਖੇ ਜਾਂਦੇ ਹਨ, ਜਦਕਿ ਉਹਨਾਂ ਦੇ ਵਾਰਡ ਵਿੱਚ ਅਜੇ ਤੱਕ ਪਾਣੀ ਅਤੇ ਸੀਵਰੇਜ਼ ਦੀ ਸਹੂਲਤ ਨਹੀਂ ਦਿੱਤੀ ਗਈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਸ਼ਹਿਰ ਵਿੱਚ 100% ਪਾਣੀ ਅਤੇ ਸੀਵਰੇਜ਼ ਦੀ ਸਹੂਲਤ ਦੇਣ ਖਾਤਰ ਤ੍ਰਿਵੇਣੀ ਕੰਪਨੀ ਨੂੰ 222.00 ਕਰੋੜ੍ਹ ਰੁਪਏ ਦਾ ਠੇਕਾ ਦਿੱਤਾ ਹੋਇਆ ਹੈ। ਇਸ ਸਬੰਧੀ ਨਗਰ ਨਿਗਮ ਵੱਲੋਂ 105.00 ਕਰੋੜ੍ਹ ਰੁਪਏ ਦਾ ਹੁਡਕੋ ਪਾਸੋਂ ਕਰਜ਼ਾ ਪ੍ਰਵਾਨ ਕਰਵਾਇਆ ਹੋਇਆ ਹੈ, ਜਦਕਿ ਬਾਕੀ ਦੀ ਰਕਮ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ ਤੇ ਦਿੱਤੀ ਜਾਣੀ ਹੈ। ਨਗਰ ਨਿਗਮ ਵੱਲੋਂ ਹੁਣ ਤੱਕ 43.75 ਕਰੋੜ੍ਹ ਰੁਪਏ ਕਰਜ਼ਾ ਲਿਆ ਗਿਆ ਹੈ। ਉਹਨਾਂ ਕਿਹਾ ਕਿ ਜੇਕਰ ਸਰਕਾਰ 70.00 ਕਰੋੜ੍ਹ ਰੁਪਏ ਆਪਣੇ ਹਿੱਸੇ ਦੀ ਬਣਦੀ ਰਕਮ ਨਗਰ ਨਿਗਮ ਨੂੰ ਦੇ ਦਿੰਦੀ ਹੈ ਤਾਂ ਜਲਦ ਤੋਂ ਜਲਦ ਸਾਰੇ ਸ਼ਹਿਰ ਵਿੱਚ 100% ਪਾਣੀ ਅਤੇ ਸੀਵਰੇਜ਼ ਦੀ ਸਹੂਲਤ ਮੁਹਈਆ ਕਰਵਾ ਦਿੱਤੀ ਜਾਵੇਗੀ।

ਇਸਤੇ ਵਿਚਾਰ ਕਰਦੇ ਹੋਏ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਪੰਜਾਬ ਸਰਕਾਰ ਪਾਸੋਂ ਤਕਰੀਬਨ 70.00 ਕਰੋੜ ਰੁਪਏ ਮੰਗੇ ਜਾਣ ਤਾਂ ਜੋ ਲੋਕਾਂ ਨੂੰ 100% ਪਾਣੀ ਅਤੇ ਸੀਵਰੇਜ਼ ਦੀ ਸਹੂਲਤ ਦਿੱਤੀ ਜਾ ਸਕੇ।

ਸ੍ਰ: ਹਰਪਾਲ ਸਿੰਘ ਢਿੱਲੋਂ ਕੌਂਸਲਰ ਨੇ ਪੁੱਛਿਆ ਕਿ ਬਜਟ ਦੀ ਸਾਲ 2017-2018 ਦੀ ਹੋਈ ਮੀਟਿੰਗ ਵਿੱਚ ਪਰਸ ਰਾਮ ਨਗਰ ਵਾਲੇ ਪਾਸੇ ਮਿੰਨੀ ਰੋਜ਼ ਗਾਰਡਨ ਬਨਾਉਣ ਲਈ 25.00 ਕਰੋੜ ਰੁਪਏ ਪੰਜਾਬ ਸਰਕਾਰ ਪਾਸੋਂ ਲੈਣ ਲਈ ਕਿਹਾ ਸੀ, ਜੋ ਕਿ ਅਜੇ ਤੱਕ ਨਹੀਂ ਆਏ। ਉਹਨਾਂ ਜਲਦ ਤੋਂ ਜਲਦ ਸਰਕਾਰ ਪਾਸੋਂ ਫੰਡਜ਼ ਮੁੱਹਈਆ ਕਰਵਾਉਣ ਲਈ ਕਿਹਾ। ਸ੍ਰ: ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਪਿਛਲੇ ਬਜਟ ਵਿੱਚ ਉਹਨਾਂ ਦੇ ਵਾਰਡ ਵਿੱਚੋਂ ਕੂੜਾ-ਕਰਕੱਟ ਵਾਲਾ ਪਲਾਂਟ ਸ਼ਿਫਟ ਕਰਨ ਲਈ 30.00 ਕਰੋੜ ਰੁਪਏ ਰੱਖੇ ਗਏ ਸਨ, ਉਸ ਸਬੰਧੀ ਵੀ ਸਰਕਾਰ ਪਾਸੋਂ ਫੰਡਜ਼ ਲਏ ਜਾਣ। ਸ੍ਰ: ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਸ਼ਹਿਰ ਦੇ ਸਾਰੇ ਟੋਭਿਆਂ ਦਾ ਸੁੰਦਰੀਕਰਨ ਕਰਨ ਖਾਤਰ ਜੋ 12.00 ਕਰੋੜ ਰੁਪਏ ਸਰਕਾਰ ਪਾਸੋਂ ਮੰਗੇ ਗਏ ਸਨ, ਉਹ ਵੀ ਜਲਦ ਤੋਂ ਜਲਦ ਮੰਗਾ ਕੇ ਸ਼ਹਿਰ ਦੇ ਸਾਰੇ ਟੋਭਿਆਂ ਦਾ ਸੁੰਦਰੀਕਰਨ ਕੀਤਾ ਜਾਵੇ। ਇਸਤੇ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਸਾਲ 2017-2018 ਦੇ ਬਜਟ ਵਿੱਚ ਸਰਕਾਰ ਪਾਸੋਂ ਜੋ ਵਿਕਾਸ ਦੇ ਕੰਮਾਂ ਲਈ 67.00 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ, ਉਸ ਸਬੰਧੀ ਸਰਕਾਰ ਨਾਲ ਰਾਫਤਾ ਕਾਇਮ ਕਰਕੇ ਲੋੜੀਂਦੇ ਫੰਡਜ਼ ਲਏ ਜਾਣ ਤਾਂ ਜੋ ਵਿਕਾਸ ਦੇ ਕੰਮ ਕਰਵਾਏ ਜਾ ਸਕਣ।

ਸ੍ਰ: ਮਲਕੀਤ ਸਿੰਘ ਕੌਂਸਲਰ ਨੇ ਕਿਹਾ ਕਿ ਸਾਡੀ ਕਾਂਗਰੇਸ ਸਰਕਾਰ ਵੱਲੋਂ ਸ੍ਰੀ ਹਰਮਿੰਦਰ ਸਾਹਿਬ ਤੇ ਲਗਿਆ ਜੀ.ਐਸ.ਟੀ. ਮੁਆਫ ਕੀਤਾ ਗਿਆ ਹੈ, ਜਦਕਿ ਕੇਂਦਰ ਸਰਕਾਰ ਵੱਲੋਂ ਅਜਿਹੀ ਕੋਈ ਮਾਫੀ ਨਹੀਂ ਦਿੱਤੀ ਗਈ। ਉਹਨਾਂ ਕਿਹਾ ਕਿ ਹੁਣ ਤੁਸੀ ਕੇਂਦਰ ਸਰਕਾਰ ਤੋਂ ਮੁਆਫੀ ਦੀ ਬਣਦੀ ਰਕਮ ਲੈ ਕੇ ਆਉ। ਉਹਨਾਂ ਕਿਹਾ ਕਿ ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ। ਇਸਤੇ ਸਿੱਖ ਕੌਂਸਲਰ ਸਾਹਿਬਾਨਾਂ ਨੇ ਕਿਹਾ ਕਿ ਇਸ ਨਾਲ ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਕੌਂਸਲਰ ਸਾਹਿਬਾਨਾਂ ਵੱਲੋਂ ਸ਼੍ਰੀ ਹਰਮਿੰਦਰ ਸਾਹਿਬ ਤੇ ਸਿਆਸਤ ਕਰਨ ਬਾਰੇ ਨਿਖੇਧੀ ਕੀਤੀ ਅਤੇ ਕਿਹਾ ਕਿ ਹਾਊਸ ਵਿੱਚ ਇੱਕ ਜਿੱਤੇ ਹੋਏ ਨੁਮਾਇੰਦੇ ਨੂੰ ਗੁਰੂ ਘਰ ਦਾ ਮੁੱਦਾ ਚੁੱਕ ਕੇ ਕਿਸੇ ਵੀ ਧਰਮ ਬਾਰੇ ਭਾਵਨਾਵਾਂ ਨੂੰ ਭੜਕਾਉਣਾਂ ਸ਼ੋਭਾ ਨਹੀਂ ਦਿੰਦਾ ਅਤੇ ਇਹ ਕੰਮ ਨਿੰਦਣਯੋਗ ਹੈ। ਇਸਤੇ ਹਾਊਸ ਵਿੱਚ ਨਿੰਦਾ ਪ੍ਰਸਤਾਵ ਪਾਸ ਕੀਤਾ ਗਿਆ। ਸ੍ਰ: ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਕੇਂਦਰ ਵਿੱਚ ਕਾਂਗਰੇਸ ਦੀ ਸਰਕਾਰ ਸਮੇਂ ਇੱਕ ਸਿੱਖ ਵਿਅਕਤੀ ਸ੍ਰ: ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ ਸੀ।

ਮਤਾ ਨੰਬਰ 104: ਹਾਊਸ ਵਿੱਚ ਉਠਾਏ ਗਏ ਉਕਤ ਸਵਾਲਾਂ ਦੇ ਮੱਦੇ ਨਜ਼ਰ ਤਜਵੀਜਤ ਆਮਦਨ ਅਤੇ ਖਰਚੇ ਤੋਂ ਇਲਾਵਾ ਹੇਠ ਲਿਖੀਆਂ ਮੱਦਾਂ ਵਿੱਚ ਸੋਧ ਕਰਦੇ ਹੋਏ ਸੋਧੀਆਂ ਮੱਦਾਂ ਵਿਰੁੱਧ ਆਮਦਨ ਅਤੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

(ਰਕਮ ਲੱਖਾਂ ਵਿੱਚ)

| ਲੜੀ ਨੰ: | ਮੱਦ ਦਾ ਨਾਮ | ਬਜਟ ਵਿੱਚ ਪ੍ਰਵਾਨਤ ਤਜਵੀਜ | ਹਾਊਸ ਵੱਲੋਂ ਪ੍ਰਵਾਨਤ ਤਜਵੀਜ |
|---|---|---|---|
| 4. | ਵਿਗਿਆਪਨ ਕਰ | 297.00 | 400.00 |
| 8. | ਬਿਲਡਿੰਗ ਫੀਸ | 100.00 | 140.00 |
| 9. | ਬਿਲਡਿੰਗ ਰਾਜੀਨਾਮਾ | 50.00 | 60.00 |
| 11. | ਚੈਂਜ਼ ਆਫ ਲੈਂਡ ਯੂਜ਼ | 200.00 | 400.00 |
| 12. | ਮਲਬਾ ਫੀਸ (ਬਿਲਡਿੰਗ ਸ਼ਾਖਾ) | 29.00 | 30.00 |
| 13. | ਵਾਟਰ ਸਪਲਾਈ ਚਾਰਜ਼ਿਜ਼ (ਬਿਲਡਿੰਗ ਸ਼ਾਖਾ) | 72.00 | 80.00 |
| 14. | ਕਾਓ ਸੈਸ | 325.00 | 400.00 |
| 15. | ਬਿਲਡਿੰਗ ਰੈਗੂਲਰਾਇਜ਼ੇਸ਼ਨ | 70.00 | 100.00 |
| 16. | ਐਕਸਾਇਜ਼ ਡਿਊਟੀ | 200.00 | 700.00 |
| 17. | ਹੋਰ ਸਾਧਨ | 150.00 | 200.00 |
| 18. | ਵ/ਸ ਅਤੇ ਸੀਵਰੇਜ਼ (ਡਿਮਾਂਡ ਅਤੇ ਬਕਾਇਆਜਾਤ) | 1092.78 | 1200.00 |
| 19. | ਵ/ਸ ਅਤੇ ਸੀਵਰੇਜ਼ (ਹੋਰ ਵਸੀਲਿਆਂ ਤੋਂ ਆਮਦਨ) | 150.00 | 300.00 |

ਉਕਤ ਤੋਂ ਇਲਾਵਾ ਅਮਲੇ ਦੀ ਮੱਦ ਵਿੱਚ ਆਊਟਸੋਰਸ ਤੇ ਰੱਖੇ ਕਰਮਚਾਰੀਆਂ ਖਾਤਰ ਰੱਖੀ ਰਕਮ ਵਿੱਚ ਵਾਧਾ ਕਰਦੇ ਹੋਏ 175.00 ਲੱਖ ਰੁਪਏ ਤੋਂ 250.00 ਲੱਖ ਰੁਪਏ ਕਰਨਾ ਪਾਸ ਕੀਤਾ ਜਾਂਦਾ ਹੈ। ਸ਼ਹਿਰ ਵਿੱਚ ਅਵਾਰਾ ਕੁੱਤਿਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਲਈ 50.00 ਲੱਖ ਰੁਪਏ ਅਤੇ ਬੇਸਹਾਰਾ ਪਸ਼ੂਆਂ ਤੋਂ ਜਖਮੀ ਹੋਣ ਵਾਲੇ ਵਿਅਕਤੀਆਂ ਜਾਂ ਮੌਤ ਹੋ ਜਾਣ ਦੀ ਸੂਰਤ ਵਿੱਚ ਕਾਓ ਸੈਸ ਵਿੱਚੋਂ ਬਣਦਾ ਮੁਆਵਜ਼ਾ ਦੇਣ ਖਾਤਰ 50.00 ਲੱਖ ਰੁਪਏ ਦੇ ਫੰਡਜ਼ ਰਖਣਾ ਪਾਸ ਕੀਤਾ ਜਾਂਦਾ ਹੈ।

ਸਰਵ-ਸੰਮਤੀ ਨਾਲ ਪ੍ਰਵਾਨ ਹੈ।

ਸਲੱਮ ਏਰੀਆ ਖਾਤਰ ਬਜਟ ਵਿੱਚ 50.00 ਲੱਖ ਰੁਪਏ ਹੀ ਰੱਖਣ ਦੇ ਵਿਰੋਧ ਵਿੱਚ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੋਂਸਲਰ ਹਾਊਸ ਤੋਂ ਚਲੇ ਗਏ।

ਆਖੀਰ ਵਿੱਚ ਮੀਟਿੰਗ ਧੰਨਵਾਦ ਦੇ ਮਤੇ ਨਾਲ ਖਤਮ ਕੀਤੀ ਗਈ।

ਸਹੀ/-
ਮੇਅਰ
ਨਗਰ ਨਿਗਮ,ਬਠਿੰਡਾ।